Coloured Opaque	$140
Disposable (6 pack)	$30



Bhupinder Oberoi
"Optician & Certified Contact Lens Fitter"

ਸਾਡੇ ਕੋਲੋਂ ਧੁੱਪ ਦੀਆਂ ਐਨਕਾਂ ਵੀ ਵਧੀਆਂ ਡਿਜ਼ਾਇਨਾਂ ਵਿੱਚ ਲੈ ਸਕਦੇ ਹੋ!

ਫ੍ਰੇਮ ਦੀ ਮਾਮੂਲੀ ਰਿਪੇਅਰ ਮੁੱਫਤ ਕਰਦੇ ਹਾਂ!

ਸਪੈਸ਼ਲ
ਫਰੀ ਫਰੇਮ

GLADWIN OPTICAL
#103 - 2955 GLADWIN ROAD, ABBOTSFORD, B.C.
864-8803

Dr Fredrick Banting - By Illa Vij

FREDRICK Banting was a Canadian doctor and the principal discoverer of penicillin. The world — especially the diabetic — owes much to him. Once at a London gathering of the Diabetic Association, a member said: "Without Banting this meeting could have been only a gathering of ghosts bemoaning their fate."

Fredrick Banting was born in Alliston, Ontario. At his family's insistence he started out to study for the Methodists' ministry. But since he couldn't speak fluently, he switched over to medicine. He proved to be an average student. He graduated from the university at Toronto. He served as a surgeon in the Canadian Army in World War I and won the Military Cross for bravery. He set up practice as an orthopaedist. His practice was a failure. At this juncture while he faced a decline in his career, his fiancee left him for she felt that his professional future seemed dim.

His desire to conquer diabetes — the merciless killer — became intense. He had earlier seen a diabetic girl waste into a pathetic condition and die. There had been so many cases like her, but scientists failed to discover the real cause. It was known that the pancreas, a pale yellow organ produces yellow digestive juices and was somehow involved in this disease. Banting and his friend Dr Charles Best got down to serious research work. Banting gave up his practice, sold most of his furniture, instruments, books ... whatever he could to raise money for the research. Professor John Macleod provided them with guidance and work facilities. The research work involved operating and re-operating on dogs. The pancreas was studied in detail. At times slightest of errors ruined their work of days and they would have to start all over again. Immense patience and the drive to conquer the disease made them go on. The research had begun on May 16, 1921, and by November 14, Banting and Charles gave their first paper before the Journal Club of the Department of Physiology. It was a complete report with lantern slides showing blood-sugar charts. It was yet to be confirmed whether insulin (that worked on a diabetic dog) would work in a human being. Finally, it was tested on human beings and it worked wonders!

Initially dozens, then hundreds, thousands and then millions got the insulin treatment. Honours were showered on Banting. Banting and Professor Macleod received the Nobel Prize for medicine in 1923. Banting shared his prize with his co-worker Charles Herbert Best. At the age of 30, Banting had made this remarkable discovery.

In the wintry month of February in 1941, Banting asked Charles to work again with him. Together they decided to do some more research work. Banting was now titled Major Sir Fredrick Banting. He was also working on problems of aviation medicine.

Three days later, after making the proposal to Charles, he was aboard a two-engine bomber bound for England when the plane crashed in a snow-storm, in a forest near Musgrave Harboud, Newfoundland. Banting's lung got punctured with the crushed ribs. Even while dying, he bandaged the wounds of the pilot, who became the only survivor. Then he lay back on the pine boughs in the snow and passed away. Such determination, courage, patience and love for humanity is indeed remarkable, and what Banting did for the diabetic is even more remark-

ਮਿਸ਼ਨ ਕੌਂਸਲਰ ਦੀ ਚੋਣ ਦੇ ਉਮੀਦਵਾਰ - ਸ਼ਾਅਨ ਜੋਡਵੇ

ਮੈਂ ਮਿਉਨਿਸਪਲ ਕਾਉਂਸਲ ਲਈ ਚੋਣ ਲੜਨ ਦਾ ਫੈਸਲਾ ਕੀਤਾ ਹੈ, ਕਿਉਂ ਕਿ ਮੈਂ ਉਨ੍ਹਾਂ ਲੋਕਾਂ ਦੀ ਆਵਾਜ਼ ਵਿੱਚ ਆਪਣੀ ਆਵਾਜ਼ ਸ਼ਾਮਲ ਕਰਨਾ ਚਾਹੁੰਦਾ ਹਾਂ ਜੋ ਮਿਸ਼ਨ ਜ਼ਿਲ੍ਹੇ ਦੇ ਲੋਕਾਂ ਦੀ ਗਲ ਸੁਣਨ ਅਤੇ ਉਨ੍ਹਾਂ ਦੀ ਅਗਵਾਈ ਕਰਨ ਲਈ ਚੁੰਮੇਵਾਰ ਹਨ।

ਮੈਂ ਕਈ ਸਾਲਾਂ ਤੋਂ ਆਪਣੀ ਧਰਮ ਪਤਨੀ ਅਤੇ ਬੱਚਿਆਂ ਸਮੇਤ ਮਿਸ਼ਨ ਵਿੱਚ ਰਹਿ ਰਿਹਾ ਹਾਂ। ਮੈਨੂੰ ਆਪਣੀ ਪਤਨੀ ਦੇ ਕੰਮਕਾਰ ਦੋਰਾਨ ਬਹੁਤ ਸਾਰੇ ਇੰਡੋ-ਕੈਨੇਡੀਅਨ ਨੂੰ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ ਹੈ।

ਬਹੁਤ ਸਾਲ ਪਹਿਲਾਂ ਐਬਟਸਫੋਰਡ ਕਮਿਉਨਿਟੀ ਸਰਵਿਸਿਜ਼ ਦੇ ਲਿੰਕ ਪ੍ਰੋਗਰਾਮ ਵਿੱਚ ਮੇਰੀ ਪਤਨੀ ਸ਼ੈਰਨ, ਰੂਟਾ ਬੈਲਿਕ ਨਾਲ ਸਹਾਇਕ ਈ. ਐਸ. ਐਲ. ਇੰਸਟ੍ਰੰਕਟਰ ਦੇ ਤੌਰ ਤੇ ਕੰਮ ਕਰਦੀ ਸੀ। ਜੋ ਨਿੱਜੀ ਸਬੰਧ ਉਸ ਨੇ ਆਪਣੇ ਵਿਦਿਆਰਥੀਆਂ ਨਾਲ ਬਣਾਏ, ਉਨ੍ਹਾਂ ਸਦਕਾ ਸਾਨੂੰ ਕਈ ਸ਼ਾਦੀਆਂ ਅਤੇ ਸਮਾਜਕ ਸਮਾਗਮਾਂ ਤੇ ਬੁਲਾਇਆ ਜਾਂਦਾ ਰਿਹਾ। ਇਨ੍ਹਾਂ ਅੰਤਰ-ਸਭਿਆਚਾਰਕ ਮਿਲਣੀਆਂ ਨਾਲ ਸਾਡੇ ਪਰਵਾਰ ਨੂੰ ਵਡਮੁੱਲੀ ਜਾਣਕਾਰੀ ਪ੍ਰਾਪਤ ਹੋਈ।

ਹੁਣ ਮੈਂ ਕਈ ਸਾਲਾਂ ਤੋਂ ਕਮਿਉਨਿਟੀ ਦੇ ਜਨਸਾਧਾਰਨ ਵਿੱਚ ਸਰਗਰਮ ਰਿਹਾ ਹਾਂ ਅਤੇ ਇਸ ਸਮੇਂ ਮਿਸ਼ਨ ਫਾਰਮਰ ਮਾਰਕਿਟ ਦੇ ਬੋਰਡ ਔਫ ਡਾਇਰੈਕਟਰਜ਼, ਹੈਬੀਟੈਟ ਫੋਰ ਹਿਊਮੈਨਿਟੀ ਅਤੇ ਮਿਸ਼ਨ ਲੋਕ ਗੀਤ ਫੈਸਟੀਵਲ ਸੋਸਾਇਟੀ ਵਿੱਚ ਕੰਮ ਕਰ ਰਿਹਾ ਹਾਂ। ਮੈਂ ਆਪਣੇ ਬੱਚਿਆਂ ਦੇ ਸਕੂਲਾਂ ਦੇ ਕੰਮਕਾਰਾਂ ਵਿੱਚ ਵੀ ਭਾਗ ਲੈਂਦਾ ਰਿਹਾ ਹਾਂ ਜਿਵੇਂ : ਹੈਰੀਟੇਜ ਪਾਰਕ ਦੇ ਜੂਨੀਅਰ ਰਗਬੀ ਟੀਮ ਦੇ ਰੈਫਰੀ ਵਜੋਂ, ਅਤੇ ਈ. ਐਸੱ . ਰਿਚਰਡ ਐਲਿਸੋਟਰੀ ਵਿੱਚ ਪੇਰੈਂਟ-ਟੀਚਰ ਸਹਾਇਕ ਵਜੋਂ।

ਮੈਂ ਦੋ ਏਕੜ ਬੇਰੀ ਫਾਰਮ ਚਲਾ ਰਿਹਾ ਹਾਂ ਜਿਥੇ ਔਰਗੈਨਿਕ ਕਾਲੀ ਸੋਗੀ, ਟੋ-ਬੇਰੀ, ਆਦਿ ਪੈਦਾ ਕਰਦਾ ਹਾਂ ਜੋ ਸਿੱਧੇ ਮਿਸ਼ਨ ਫਾਰਮਰ ਮਾਰਕਿਟ ਅਤੇ ਔਰਗੈਨਿਕ ਡਿਲਿਵਰੀ ਸਰਵਿਸ ਰਾਹੀਂ ਬੋਚੇ ਜਾਂਦੇ ਹਨ। ਮੈਂ ਕੁਝ ਸਮਾਂ ਮਿਸ਼ਨ-ਕੈਂਟ ਦੇ ਐਮ. ਐਲ. ਏ ਡੋਨਿਸ ਸਟ੍ਰੀਫਲ ਦੇ ਚੋਣ ਹਲਕਾ ਸਹਾਇਕ ਵਜੋਂ ਵੀ ਕੰਮ ਕਰਦਾ ਹਾਂ।

ਮੇਰੀਆਂ ਵਿਦਿਅਕ ਯੋਗਤਾਵਾਂ ਵਿੱਚ ਬੀ. ਸੀ. ਆਈ. ਟੀ. ਤੋਂ ਰੀਨਿਊਏਬਲ ਰਿਸੋਰਸਿਜ਼ ਦਾ ਡਿਪਲੋਮਾ, ਐਨਬਰੋਪਾਲੋਜੀ ਅਤੇ ਕਮਿਉਨਿਟੀ ਇਕਾਨੋਮਿਕ ਡਿਵੈਲਪਮੈਂਟ ਦਾ ਪੋਸਟ-ਬੈਕਾ-ਲਾਰੀਏਟ ਡਿਪਲੋਮਾ (ਸਾਈਮਨ ਫ੍ਰੇਜ਼ਰ ਯੂਨੀਵਰਸਿਟੀ ਤੋਂ) ਸ਼ਾਮਿਲ ਹਨ।

ਸਰਕਾਰ ਦੀਆਂ ਹਰ ਪੱਧਰ ਦੀਆਂ ਚੋਣਾਂ ਵਿੱਚ ਇੰਡੋ-ਕੈਨੇਡੀਅਨ ਭਾਈਚਾਰਾ ਦੋਖਾ ਰਿੰਸਾ ਪਾਉਂਦਾ ਰਿਹਾ ਹੈ। ਨਿਰੰਜਨ ਗਰੇਵਾਲ ਜੋ ਬੀ.ਸੀ. ਵਿੱਚ ਚੁਣਿਆ ਗਿਆ ਪਹਿਲਾ ਇੰਡੋ-ਕੈਨੇਡੀਅਨ ਸਿਆਸੀ ਅਹੁਦੇਦਾਰ ਸੀ ਤੋਂ ਲੈ ਕੇ ਬੜੈਚ ਪਰਵਾਰ ਦੀਆਂ ਦਾਨੀ ਕੋਸ਼ਿਸ਼ਾਂ ਤਕ ਮਿਸ਼ਨ ਕਮਿਉਨਿਟੀ ਵਿੱਚ ਇੰਡੋ-ਕੈਨੇਡੀਅਨਾਂ ਦੇ ਵੱਡ-ਮੁੱਲੇ ਯੋਗਦਾਨ ਦਾ ਲੰਮਾ ਇਤਿਹਾਸ ਹੈ।

1950 ਵਿੱਚ ਸਰਕਾਰੀ ਅਹੁਦੇ ਲਈ ਚੁਣੇ ਜਾਣ ਉਪਰੰਤ, ਨਿਰੰਜਨ ਗਰੇਵਾਲ ਨੇ ਸੀ. ਸੀ. ਐਫ (ਹੁਣ ਐਨ.ਡੀ.ਪੀ.) ਦੇ ਝੰਡੇ ਥੱਲੇ,1955 ਵਿੱਚ ਡਿਊਡਕੀ ਚੋਣ ਹਲਕੇ ਤੋਂ ਸੂਬਾਈ ਚੋਣ ਲੜੀ। ਗਰੇਵਾਲ ਬਹੁਤ ਥੋੜੇ ਫਰਕ ਨਾਲ ਸੋਕਰਡ ਦੇ ਲਾਈਲ ਵਿੰਕਸ ਤੋਂ ਹਾਰ ਗਿਆ। ਨਾਗਰਿਕਯਤਾਂ ਵਿੱਚੋ ਨਿਰੰਜਨ ਗਰੇਵਾਲ ਦੀ ਚਿਰ ਰਹਿਣੀ ਪ੍ਰਾਪਤੀ ਹੈ-ਮਿਸ਼ਨ ਮਿਉਨਿਸਪਲ ਫਾਰੈਸਟ। ਉਸ ਦੇ ਭਰਪੂਰ ਯਤਨਾਂ ਦੇ ਫਲਸਰੂਪ 1958 ਵਿੱਚ ਮਿਉਨਿਸਪਲ ਫਾਰੈਸਟ ਸਥਾਪਤ ਹੋਇਆ।

ਬੜੈਚ ਪਰਵਾਰ ਦੇ ਦਾਨ ਦੇ ਕੰਮਾਂ ਤੋਂ ਮਿਸ਼ਨ ਦੇ ਲੋਕ ਭਲੀ ਭਾਂਤ ਜਾਣੂ ਹਨ ਅਤੇ ਹਰ ਉਹ ਬੰਦਾ ਜਿਸ ਨੇ ਕਦੀ ਵੀ ਹੈਰੀਟੇਜ ਪਾਰਕ ਸੈਕੰਡਰੀ ਦੇ ਇਰਵਿਨ ਬੜੈਚ ਜਿੰਮ ਦੀ ਵਰਤੋਂ ਕੀਤੀ ਹੈ, ਉਨ੍ਹਾਂ ਦੇ ਪਰਉਪਕਾਰੀ ਯੋਗਦਾਨ ਦੀ ਸਾਖੀ ਭਰੇਗਾ। ਜ਼ਿਲ੍ਹਾ ਮਿਸ਼ਨ ਵਿੱਚ ਇੰਡੋ-ਕੈਨੇਡੀਅਨਭਾਈਚਾਰੇ ਦੀ ਪ੍ਰਤੀਕਿਯਤਾ ਲਈ ਮੈਂ ਹਮੇਸ਼ਾ ਇਹ ਗਲ ਯਕੀਨੀ ਬਨਾਉਣ ਦਾ ਯਤਨ ਕਰਾਂਗਾ ਕਿ ਇਸ ਕਮਿਉਨਿਟੀ ਨੂੰ ਜੀ ਆਇਆਂ ਕਿਹਾ ਜਾਵੇ ਅਤੇ ਇਸ ਨੂੰ ਸ਼ਾਸਨਿਕ ਪ੍ਰਕ੍ਰਿਆ ਵਿੱਚ ਸ਼ਾਮਿਲ ਕੀਤਾ ਜਾਵੇ। ਮੇਰੇ ਵਿਸ਼ੇਸ਼ ਯਤਨ ਇਹ ਹੋਣਗੇ :

* ਨਿਸਚਿਤ ਆਮਦਨ ਦੇ ਆਧਾਰ ਤੇ ਸੈਕੰਡਰੀ ਸੁਈਟਾਂ ਦੀ ਫੀਸ ਖਤਮ ਕੀਤੀ ਜਾਵੇ। ਇਸ ਵੇਲੇ ਜ਼ਿਲ੍ਹਾ ਮਿਸ਼ਨ ਕਾਨੂੰਨੀ ਸੁਈਟਾਂ ਤੇ ਦੁਹਰੀ ਸੇਵਾ ਲਈ $500 ਤੋਂ $600 ਚਾਰਜ ਕਰਦਾ ਹੈ।

* ਬਚਿੱਆ ਦੇ ਪਾਲਣ ਪੋਸਣ ਅਤੇ ਵੱਡਮੁੱਲੀ ਸਭਿਆਚਾਰਕ ਜਾਣਕਾਰੀ ਲਈ ਸਾਂਝੇ ਪਰਵਾਰ ਦੀ ਮੱਹਤਤਾ ਨੂੰ ਮੈਂ ਚੰਗੀ ਤਰ੍ਹਾਂ ਅਨੁਭਵ ਕਰਦਾ ਹਾਂ।

* ਇਸ ਗਲ ਨੂੰ ਯਕੀਨੀ ਬਨਾਉਣਾ ਕਿ ਸਿੱਖ ਗੁਰਦੁਆਰੇ ਨੂੰ ਹੁਣ ਵਾਲੀ ਟੈਕਸ ਦੀ ਛੋਟ ਕਾਇਮ ਰਹੇ ਅਤੇ ਈ. ਐਸ . ਐਲ ਦੀ ਪੜ੍ਹਾਈ ਲਈ ਵਰ ਤੀਆਂ ਜਾਣ ਵਾਲੀਆਂ ਇਮਾਰਤਾਂ ਅਤੇ ਇਸ ਵਿੱਚ ਸ਼ਾਮਿਲ ਸਗੰਠਨਾਂ ਨੂੰ ਪ੍ਰਾਪਰਟੀ ਟੈਕਸ ਦੀ ਰਾਹਤ ਦੇਣ ਲਈ ਰਾਹ ਲੱਭੇ ਜਾਣ।

ਜੇ ਖੁਸ਼ਕਿਸਮਤੀ ਨਾਲ ਮੈਂਨੂੰ ਇੰਡੋਕੈਨੇਡੀਅਨ ਭਾਈਚਾਰੇ ਦੀ ਸਹਾਇਤਾ ਪ੍ਰਾਪਤ ਹੋ ਜਾਵੇ ਤਾਂ ਸ਼ਹਿਰੀ ਚੋਣਾਂ ਵਿੱਚ ਉਨ੍ਹਾਂ ਦੀ ਨਰੋਈ ਸਮੂਲੀਅਤ ਕਾਰਨ ਮੈਂ ਸ਼ਹਿਰੀ ਅਹੁਦੇ ਲਈ ਚੁਣਿਆ ਜਾਵਾਂਗਾ। ਜੇ ਤੁਸੀਂ ਹੋਰ ਜਾਣਕਾਰੀ ਲੈਣਾਂ ਚਾਹੋ ਤਾਂ ਮੇਰੀ ਵੈਬਸਾਈਟ,

www3.bc.sympatico.ca/voteforJodway

ਸ਼ਾਅਨ ਜੋਡਵੇ - ਮਿਉਨਿਸਪਲ ਕਾਂਉਸਲ ਦਾ ਉਮੀਦਵਾਰ

Punjabi Patrika & Gurpreet (Pat) Grewal of U.S.C Education Savings Plans-Scholarship Consultants of North America sponsor

DIWALI DINNER & DANCE

at Gian's Sweets & Restaurant
31826 South Fraser Way, Abbotsford
Friday, Oct 29th 1999 at 6:00 pm

Tickets $20.00

Available at:

F.V Dev. Preschool	859-1436
Punjabi Patrika	852-2288
Julie Tatla	556-4855
Gurpreet Grewal (USC)	864-9159
Satnam Singh (USC)	807-4508
Surinder Sura	859-9066
Lucky Video	855-0111

All proceeds for ESL program at Upper Fraser Valley Developmental Pre-School at Rotary House

(P.S. We welcome sponsors for this event)

ਸਭਿਆਚਾਰ ਅਤੇ ਸਿਹਤ 2000ਵਲੋਂ ਐਲਜ਼ਾਈਮਰ ਬਿਮਾਰੀ ਬਾਰੇ ਜਾਣਕਾਰੀ ਅਤੇ ਮਦਦ ਉਪਲਬਧ ਹੈ :

ਸਭਿਆਚਾਰ ਅਤੇ ਸਿਹਤ 2000 ਦਾ ਪ੍ਰੋਗਰਾਮ ਐਬਟਸਫੋਰਡ ਵਿੱਚ 1994 ਅਤੇ ਮਿਸ਼ਨ ਵਿੱਚ 1998 ਤੋਂ ਬਹੁ-ਭਾਂਤੀ ਵਸੋਂ ਨੂੰ ਉਚਿੱਤ ਸਭਿਆਚਾਰਕ ਅਤੇ ਭਾਵੁਕ ਲੋੜਾਂ ਅਨੁਸਾਰ ਕਈ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦਾ ਆ ਰਿਹਾ ਹੈ। ਅਸੀਂ ਵੱਖੋ ਵੱਖਰੇ ਭਾਈਚਾਰਿਆਂ ਨੂੰ ਮਾਨਸਿਕ ਬਿਮਾਰੀਆਂ ਅਤੇ ਮਾਨਸਿਕ ਸਿਹਤ ਬਾਰੇ ਜਾਣਕਾਰੀ ਦਿੰਦੇ ਆ ਰਹੇ ਹਾਂ। ਇਨ੍ਹਾਂ ਮਾਨਸਿਕ ਬਿਮਾਰੀਆਂ ਵਿੱਚੋਂ "ਐਲਜਾਈਮਰ ਬਿਮਾਰੀ" (Alzheimer Disease) ਵੀ ਇੱਕ ਮਾਨਸਿਕ ਰੋਗ ਹੈ।

ਐਲਜ਼ਾਈਮਰ ਬਿਮਾਰੀ ਬਾਰੇ ਜਾਣਕਾਰੀ ਦੇਣਾ ਅਤੇ ਇਸ ਬਿਮਾਰੀ ਦੇ ਮਰੀਜ਼ਾਂ ਦੀ ਅਤੇ ਉਨ੍ਹਾਂ ਦੇ ਪਰੀਵਾਰਾਂ ਦੀ ਮਦਦ ਕਰਨਾ ਅਸੀਂ ਆਪਣਾ ਫਰਜ਼ ਸਮਝਦੇ ਹਾਂ।

ਐਲਜ਼ਾਈਮਰ ਬਿਮਾਰੀ ਆਮ ਤੌਰ ਤੇ 65 ਸਾਲ ਜਾਂ ਜ਼ਿਆਦਾ ਉਮਰ ਦੇ ਵਿਅਕਤੀਆਂ ਨੂੰ ਲੱਗਦੀ ਹੈ। 40 ਤੋਂ ਲੈ ਕੇ 60 ਸਾਲ ਦੀ ਉਮਰ ਵਿੱਚ ਵੀ ਇਹ ਬਿਮਾਰੀ ਲੱਗ ਸਕਦੀ ਹੈ। ਇਹ ਬਿਮਾਰੀ ਮਰਦਾਂ ਔਰਤਾਂ ਦੋਨਾਂ ਨੂੰ ਹੀ ਲੱਗ ਸਕਦੀ ਹੈ। ਐਲਜ਼ਾਈਮਰਬਿਮਾਰੀ ਕਿਸੇ ਵੀ ਵਿਅਕਤੀ ਦੀ ਕੰਮ ਕਰਨ ਦੀਯੋਗਤਾ ਅਤੇ ਮਹਿਸੂਸ ਕਰਨ ਤੇ ਹੇਠ ਲਿਖੇ ਅਨੁਸਾਰ ਅਸਰ ਕਰਦੀ ਹੈ :

* ਜਾਣਕਾਰੀ ਭੁੱਲ ਜਾਣੀ
* ਬੋਲੀ ਦੀ ਵਰਤੋਂ ਕਰਨ ਅਤੇ ਸਮਝਣ ਤੇ ਅਸਰ ਪੈਣਾ
* ਰੋਜ਼ਾਨਾ ਕੰਮ ਕਾਰ ਕਰਨ ਵਿੱਚ ਮੁਸ਼ਕਿਲ ਹੋਣੀ
* ਜਾਣੇ ਪਛਾਣੇ ਰਾਹ ਲੱਭਣ ਵਿੱਚ ਮੁਸ਼ਕਿਲ ਹੋਣੀ
* ਆਪਣੇ ਸੁਰੱਖਿਆ ਬਾਰੇ ਫੈਸਲੇ ਕਰਨ ਵਿੱਚ ਮੁਸ਼ਕਿਲ
* ਜੋ ਕੁੱਝ ਹੋ ਰਿਹਾ ਹੈ ਉਸ ਤੋਂ ਡਰ ਲੱਗਣਾ
* ਨਿਰਾਸ਼ ਗੁੱਸੇਖੋਰ ਜਾਂ ਉਤੇਜਿਤ ਹੋਣਾ
* ਅਢੁੱਕਵੇਂ ਸਮੇਂ ਰੋਣਾ, ਹੱਸਣਾ ਜਾਂ ਚੀਕਾਂ ਮਰਨਾਂ

ਐਲਜ਼ਾਈਮਰ ਬਿਮਾਰੀ ਇੱਕ ਵੱਧਣਹਾਰਾ ਬਿਮਾਰੀ ਹੈ। ਬਿਨ੍ਹਾਂ ਸਹੀ ਇਲਾਜ ਤੋਂ, ਦਿਮਾਗ ਦੇ ਸੈਲੋਂ ਨੂੰ ਠੀਕ ਵਾਲਾ ਨੁਕਸਾਨ ਵੀ ਹੋ ਸਕਦਾ ਹੈ। ਐਲਜ਼ਾਈਮਰ ਬਿਮਾਰੀ ਡੀਮੈਂਸ਼ੀਆਂ ਦਾਮੁੱਖ ਕਾਰਨ ਹੈ। ਡੀਮੈਂਸ਼ੀਆਂ ਦੋ ਤਰ੍ਹਾਂ ਦੀ ਹੁੰਦੀ ਹੈ, ਇੱਕ ਇਲਾਜਯੋਗ ਤੇ ਦੂਸਰੀ ਨਾ ਇਲਾਜਯੋਗ। ਇਲਾਜਯੋਗ ਡੀਮੈਂਸ਼ੀਆ ਹੈ : ਤੇਜ਼ ਬੁਖਾਰ, ਛੂਤ ਰੋਗ, ਪਾਣੀ ਦਾ ਖਤਮ ਹੋਣਾ, ਕਬਜ਼, ਡਰੱਗ ਦੀ ਅਧਿਕ ਮਾਤਰਾ ਉਦਾਸੀ ਅਤੇ ਰਸੌਲੀ ਆਦਿ। ਨਾ ਇਲਾਜਯੋਗ ਡੀਮੈਂਸ਼ੀਆ ਹੈ :ਐਲਜ਼ਾਈਮਰ ਬਿਮਾਰੀ, ਹਨਟਿੰਗਟਿਨ ਬਿਮਾਰੀ, ਪਾਰਕਨਸੰਨ ਬਿਮਾਰ ਕਈਤਰ੍ਹਾਂ ਦੇ ਦੌਰੇ, ਏਡਜ਼ ਆਦਿ। ਇਹ ਜਾਣਨ ਵਾਸਤੇ ਕਿ ਤੁਹਾਨੂੰ ਐਲਜ਼ਾਈਮਰ ਬਿਮਾਰੀ ਹੀ ਹੈ ਤਾਂ ਡਾਕਟਰ ਨਾਲ ਰੋਗ ਵਾਰੇ ਜ਼ਰੂਰ ਗੱਲ ਬਾਤ ਕਰੋ।

ਜੇ ਤੁਸੀਂ ਐਲਜ਼ਾਈਮਰ ਬਿਮਾਰੀ ਨਾਲ ਸਬੰਧਤ ਘਰ ਦੇ ਕਿਸੇ ਮੈਂਬਰ ਦੀ ਦੇਖਭਾਲ ਕਰਦੇ ਹੋ ਤਾਂ ਯਕੀਨਨ ਹੀ ਤੁਸੀਂ ਥੱਕ ਜਾਂ ਅੱਕ ਜਾਂਦੇ ਹੋਵੋਗੇ। ਤੁਹਾਡੀ ਮਦਦ ਵਾਸਤੇ ਕਈ ਵਸੀਲੇ ਉਪਲਬਧ ਹਨ। ਜੇ ਤੁਸੀਂ ਮਰੀਜ਼ ਦੀ ਦੇਖਭਾਲ ਦੇ ਨਾਲ ਨਾਲ ਆਪਣੀ ਦੇਖਭਾਲ ਵਲ ਵੀ ਧਿਆਨ ਦੋਵੋ ਤਾਂ ਤੁਸੀਂ ਇਕ ਚੰਗੇ ਦੇਖਭਾਲ ਕਰਨ ਵਾਲੇ ਵਿਅਕਤੀ ਸਿੱਧ ਹੋ ਸਕੋਗੇ। ਬੀ. ਸੀ. ਦੀ ਐਲਜ਼ਾਈਮਰ ਸੁਸਾਇਟੀ ਕਈ ਤਾਰੀਕਿਆਂ ਨਾਲ ਤੁਹਾਡੀ ਮਦਦ ਕਰ ਸਕਦੀ ਹੈ। ਜਿਵੇਂ ਕਿ ਰੋਗ ਦੇ ਅਮਲ ਬਾਰੇ ਵਧੇਰੀ ਜਾਣਕਾਰੀ ਪ੍ਰਾਪਤ ਕਰਨ ਵਿੱਚ, ਪ੍ਰਾਈਵੇਟ ਜਾਂ ਸਰਕਾਰੀ ਪੈਸੇ ਨਾਲ ਚਲਦੀਆਂ ਕੰਪਨੀਆਂ ਰਾਹੀਂ, ਵਾਂਡਰ ਰਿਜਸਟਰੀ, ਦੇਖਭਾਲ ਕਰਨ ਵਾਲਿਆਂ ਲਈ ਮਦਦਕਾਰ ਮੀਟਿੰਗਾਂ ਵਿੱਚ ਭਾਗ ਲੈਣ ਨਾਲ। ਐਬਟਸਫੋਰਡ ਐਲਜ਼ਾਈਮਰ ਸੁਸਾਇਟੀ ਤੁਹਾਡੇ ਵਾਸਤੇ ਨਵਾਂ ਪ੍ਰੋਗਰਾਮ "ਦੇਖਭਾਲ ਕਰਨ ਵਾਲਿਆਂ ਲਈ ਮਦਦ" ਵੀ ਸ਼ੁਰੂ ਕਰ ਰਹੀ ਹੈ। ਜੇ ਤੁਹਾਡੇ ਪਰਿਵਾਰਦਾ ਕੋਈ ਮੈਂਬਰ ਐਲਜ਼ਾਈਮਰ ਬਿਮਾਰੀ ਦਾ ਕਸ਼ਟ ਉਠਾਂ ਰਿਹਾ ਹੋਵੇ ਅਤੇ ਤੁਸੀਂ ਦੇਖਭਾਲ ਕਰਦੇ ਹੋ ਤਾਂ ਉਸਦੀ ਦੇਖਭਾਲ ਕਰਨ ਬਾਰੇ ਸੁਝਾਅ ਅਤੇ ਆਪ ਸੁੱਖ ਦਾ ਸਾਹਲੈਣ ਵਾਸਤੇ ਤੁਸੀਂ "ਦੇਖਭਾਲ ਕਰਨ ਵਾਲਿਆਂ ਦੀ ਮਦਦ" ਦੇ ਪ੍ਰੋਗਰਾਮ ਜੋ ਕਈ ਮਹੀਨੇ ਚਲਦੇ ਰਹਿਣਗੇ ਵਿੱਚ ਭਾਗ ਲੈਣ ਲਈ ਹੇਠ ਲਿਖੇ ਪਤੇ ਤੇ ਸਪੰਰਕ ਕਰ ਸਕਦੇ ਹੋ :

ਸਥਾਨ : ਐਬਟਸਫੋਰਡ ਮੈਂਟਲ ਹੈਲਥ ਸੈਂਟਰ
 # 11-32700 Dahlstrom Ave.
ਤਾਰੀਕ : ਅਕਤੂਬਰ 29 ਤੋਂ ਦਸੰਬਰ 3 ਤੱਕ
ਸਮਾਂ : 1:30 ਤੋਂ 3:30 ਤੱਕ
ਦਿਨ : ਹਰ ਸ਼ੁਕੱਰਵਾਰ

ਜ਼ਿਆਦਾ ਜਾਣਕਾਰੀ ਵਾਸਤੇ ਫੋਨ ਕਰੋ : (604) 964-2611 ਜਾਂ (604) 859-3889
ਐਬਟਸਫੋਰਡ ਐਲਜ਼ਾਈਮਰ ਸੁਸਾਇਟੀ ਦੀਆਂ ਹੋਰ ਸੇਵਾਵਾਂ ਬਾਰੇ ਜਾਣਕਾਰੀ ਲੈਣ ਲਈ ਤੁਸੀਂ ਸਭਿਆਚਾਰ ਅਤੇ ਸਿਹਤ 2000 ਨਾਲ ਸਪੰਰਕ ਕਰ ਸਕਦੇ ਹੋ :

ਪਤਾ : ਸਭਿਆਚਾਰ ਅਤੇ ਸਿਹਤ 2000
11-32700 Dahlstrom Ave.
Abbotsford, B.C.
V2T 4V6
Phone no: (604) 964-2611

Alzheimer Resource Centre
#214-2825 Clearbrook Rd.
Abbotsford, B. C.
Phone no: (604) 859-3889

TD EVERGREEN
A Division of TD Securities Inc.

TD Bank Financial Group
Cordially invites you to an Investment Seminar on
Investment Ideas For Your RRSP and Investment Portfolio
The seminar will be presented by

Anup. S.Grewal
Investment Advisor
TD EVERGREEN

Thursday October 21, 1999
at 7:00 p.m.

Location:
TD Bank
140 - 32555 London Ave.
Mission, B.C.
V2V 6M7

Seating is Limited
Refreshments will be served at 6:30 p.m.

RSVP to Carol Hamilton at
(604) 820-5614

ਟੀ.ਡੀ. ਫਾਇਨੈਨਸ਼ਲ ਗਰੁੱਪ
ਵਲੋਂ ਆਪ ਜੀ ਨੂੰ ਨਿਮਨ ਲਿਖਤ ਪੂੰਜੀਨਿਵੇਸ਼ ਸੈਮੀਨਾਰ ਵਿੱਚ ਸ਼ਾਮਲ ਹੋਣ ਦਾ ਸੱਦਾ

ਤੁਹਾਡੀ ਆਰ.ਆਰ.ਐਸ.ਪੀ ਅਤੇ ਇਨਵੈਸਟਮੈਂਟ ਪੋਰਟਫੋਲੀਓ ਸਬੰਧੀ ਪੂੰਜੀ ਲਾਉਣ ਦੀ ਵਿਉਂਤ ਬੰਦੀ

ਸੈਮੀਨਾਰ ਪੇਸ਼ ਕਰਨਗੇ
ਅਨੂਪ ਸਿੰਘ ਗਰੇਵਾਲ
ਇਨਵੈਸਟਮੈਂਟ ਸਲਾਹਕਾਰ
(ਟੀ.ਡੀ ਐਵਰਗਰੀਨ)
ਵੀਰਵਾਰ, 21 ਅਕਤੂਬਰ, 1999
ਸ਼ਾਮ ਦੇ 7 ਵਜੇ ਨੂੰ

ਸਥਾਨ:
ਟੀ.ਡੀ ਬੈਂਕ
140-32555 ਲੰਡਨ ਐਵਿ:
ਮਿਸ਼ਨ ਬੀ.ਸੀ
ਸੀਟਾਂ ਸੀਮਤ ਹਨ

ਜਲਪਾਨ ਦੀ ਸੇਵਾ 6:30 ਸ਼ਾਮ ਨੂੰ

ਜਾਣਕਾਰੀ ਲਈ ਕੈਰਲ ਹੈਮਿਲਟਨ ਨੂੰ
(604) 820-5614
ਤੇ ਫੋਨ ਕਰੋ ਜੀ।

Soap Box Laundromat
33643 Marshall Road, Abbotsford, B.C
Tel: 853-3369

- Full time attendant
  ਹਰ ਵੇਲੇ ਸੇਵਾ ਵਿੱਚ ਹਾਜ਼ਰ
- Bright, clean, cheery atmosphere
  ਸਾਫ, ਸੁਥਰਾ, ਹਸਮੁਖ ਮਾਹੌਲ
- New efficient single double, triple and maxi machines
  ਨਵੀਆਂ ਸਿੰਗਲ, ਡਬੱਲ ਅਤੇ ਟ੍ਰੀਪਲ ਮੈਕਸੀ ਮਸ਼ੀਨਾਂ
- Large capacity dryers
  ਵੱਡੇ ਡ੍ਰਾਇਅਰ
- Machines for work clothes and pet blankets
  ਕੰਮ ਦੇ ਕਪੱੜੇ ਅਤੇ ਜਾਨਵਰਾਂ ਦੇ ਕੰਬਲ ਧੋਣ ਲਈ ਅਲੱਗ ਮਸ਼ੀਨਾਂ
- Machines for comforters sleeping bags, pillows, etc.
  ਰਜਾਈਆਂ, ਸਲੀਪੀਂਗ ਬੈਗ, ਸਰਾਨੇ ਧੋਣ ਲਈ ਮਸ਼ੀਨਾਂ
- Washers cleaned by attendant after each use
  ਮਸ਼ੀਨਾਂ ਹਰ ਲੋਡ ਤੋਂ ਬਾਦ ਸਾਫ ਕੀਤੀਆਂ ਜਾਂਦੀਆਂ ਹਨ
- Free Coffee
  ਫਰੀ ਕਾਫੀ
- TV Lounge
  ਟੀ.ਵੀ ਲਾਊਂਜ
- Drop off dry cleaning
  ਡ੍ਰਾਈ ਕਲੀਨਿੰਗ

COUPON OFFER
TWO FOR ONE
Use two double load washers and receive one wash
FREE
1 coupon per family
Soap Box Laundromat Expires Nov 30, 99

ਛਿਤੱਰ ਦਾ ਸ਼ਿਕਵਾ

ਗੁਰਬੇਦਾਰ ਅਜਾਇਬ ਸਿੰਘ (ਛਿਲੋ)
ਪੀਡ ਮਹਿਰੋ (ਮੋਗਾ)
(ਤਾਇਆ ਵੈਨਕੂਵਰ), ਐਬਟਸਫੋਰਡ

ਮੈਂ ਮੀਆਂ ਛਿਤੱਰ ਹੁਸੈਨ ਉਰਫ ਛਿਤੱਰ ਹਾਂ। ਮੈਂ ਪੰਜਾਬ ਦਾ ਜੰਮ ਪਲ ਹਾਂ। ਪੈਰਾਂ ਵਲੋਂ ਠਿੰਬਾ, ਸਿਰ ਵਲੋਂ ਉਧੜਿਆ ਹੋਣਾ ਈ ਮੇਰੀ ਪਹਿਚਾਨ ਐ। ਮੈਂ ਈ ਫਰਿਆਦੀ ਬਣਕੇ, ਰੂ-ਬਰੂ ਹੋਣ ਦੀ ਗੁਸਤਾਖੀ ਕਰ ਰਿਹਾ ਹਾਂ। ਵੈਸੇ ਤਾਂ ਰੱਬ ਦਾ ਅੰਸ਼ ਕਹਾਉਣ ਦੇ ਗੌਰਵ ਵਿਚ ਫੁੱਲੇ ਨਾ ਸਮਾਉਣ ਵਾਲੇ ਏਸ ਇਨਸਾਨੀ ਪੁਤਲੇ ਦਾ ਇਤਿਹਾਸ ਈ ਕਲੰਕਿਤ, ਗੁਹਿਣਿਆ ਹੋਇਆਂ, ਕੋਹੇ ਤੂਰ ਨਾਲ ਮਿਲਦਾ ਜੁਲਦਾ ਐ, ਪਰ ਮੇਰੇ ਨਾਲ ਕੀਤੇ ਜਾ ਰਹੇ ਦੁਰ-ਵਿਹਾਰ ਨੇ ਤਾਂ ਮੇਰਾ ਤਰਾਹ ਈ ਕੱਢ ਛਡਿਆ ਐ, ਮੈਨੂੰ ਰੋਣ ਲਾ ਦਿਤਾ ਐ, ਤ੍ਰਿਪ ਤ੍ਰਿਪ ਹੰਝੂ ਚਿਉਂ ਰਹੇ ਹਨ, ਪਰ ਏਸ ਬੇ-ਵਫਾ ਨਿਰਦਈ ਦੁਨੀਆਂ ਵਿਚ ਹੰਝੂਆਂ ਦੀ ਕੋਈ ਥਾਂ ਨਹੀਂ (there is no place of tears in life)ਦੂਰ ਕੀ ਜਾਣਾ ਐ। ਕੀ ਕੈਨੇਡਾ ਚੜ੍ਹਦੀ ਜਵਾਨੀ ਦੀਆਂ ਸਜਰੀਆਂ ਰੀਝਾਂ, ਅਸਮਾਨ ਛੋਹੰਦੀਆਂ ਉਮੰਗਾਂ, ਸਨਹਿਰੀ ਸੁਫਨਿਆਂ ਨੂੰ ਮਹੀਨੇ ਖੰਡ ਵਿਚ ਈ ਨਹੀਂ ਤੜਕਾ ਦਿੰਦਾ? ਰੋਂਦੇ ਰਹੋ ਜਣਦਿਆਂ ਨੂੰ ਸਾਰੀ ਉਮਰ। ਕੈਨੇਡਾ ਕੀ ਜਾਣੇ ਪੀੜ ਪਰਾਈ?

ਮੇਰੇ ਨਾਲ ਕੀਤਾ ਜਾ ਰਿਹਾ ਵਰਤਾਅ ਸ਼ਾਇਦ ਅਖਲਾਕੀ ਜ਼ੁਰਮ ਤਾਂ ਹੈ, ਪਰ ਕਾਨੂੰਨ ਨੂੰ ਸਜ਼ਾ ਦੇਣ ਦਾ ਕੋਈ ਅਧਿਕਾਰ ਨਹੀਂ ਦਿਤਾ ਗਿਆ। ਪਰ ਏਨੀ ਬੇ-ਕਦਰੀ ਸਹਿਣ ਵੀ ਤਾਂ ਨਹੀ ਕੀਤੀ ਜਾ ਸਕਦੀ ਨਾ। ਮੇਰੇ ਤਾਂ ਸਿਰ ਉਤੋਂ ਦੀ ਪਾਣੀ ਵਗ ਗਿਆ ਐ। ਮੈਨੂੰ ਇਹ ਵੀ ਪਤਾ ਐ, ਬਈ ਮੇਰਾ ਤਾਂ ਹਾਰੇ ਦਾ ਨਿਆਂ ਐ ਪਰ ਆਸ਼ਾਵਾਦੀ (optimistic) ਹੋਣ ਦੇ ਨਾਤੇ ਕਾਨੂੰਨੀ ਚਾਰਾ-ਜੋਈ ਕਰਨ ਦੀ ਬਜਾਏ, ਲੋਕਾਂ ਦੀ ਕਚਹਿਰੀ ਵਿਚ ਫਰਿਆਦੀ ਹੋਇਆ ਹਾਂ। ਲੋਕਤਤੰਰ ਵਿਚ ਲੋਕ ਰਾਏ (public opinion)ਦਾ ਬੜਾ ਮਹੱਤਵ ਐ।

ਇਮਾਨਦਾਰਾਨਾ ਪ੍ਰਸ਼ੰਸ਼ਾ, (sincere appreciation)ਮਹੱਤਤਾ ਅਤੇ ਮਾਨਤਾ ਪ੍ਰਾਪਤ ਕਰਨੀ ਹਰ ਕਿਸੇ ਦੀ ਤੀਬਰ ਇਛਾ ਐ। ਇਸ ਦੀ ਪੂਰਤੀ ਲਈ ਬੰਦਾ ਹਰ ਪ੍ਰਕਾਰ ਦੇ ਪਾਪਤ੍ਰ ਵੇਲਦਾ ਐ। ਮੇਰੀ ਇਲਤਜਾ ਐ ਕਿ ਇਸ ਭਦੌਰ ਪੁਰਸ਼ ਪ੍ਰਤੀ ਮੇਰੀ ਸ਼ਰਧਾ, ਸੇਵਾ ਭਾਵਨਾ, ਸੁੱਚੇ ਕਿਰਦਾਰ, ਅਤੇ ਦੂਜੇ ਪਾਸੇ ਏਸ ਇਹਸਾਨ ਫਰਾਮੋਸ਼ ਇਨਸਾਨੀ ਪੁਤਲੇ ਦੇ ਦੁਰ ਵਿਹਾਰ ਦੀ ਗੌਰ ਨਾਲ ਨਿਰਖ ਪਰਖ ਅਤੇ ਤੁਲਨਾ ਕੀਤੀ ਜਾਵੇ। ਮੈਂ ਕੋਈ ਰਿਆਇਤ ਨਹੀਂ ਮੰਗਦਾ ਪਰ ਜੇ ਮੈਂ ਤੁਹਾਨੂੰ ਆਪਣੇ ਹੱਕ ਵਿਚ ਕਾਇਲ ਕਰ ਲਵਾਂ ਤਾਂ ਮੇਰੇ ਹੱਕ ਵਿਚ ਹੁੰਗਾਰਾ ਭਰ ਦੇਣਾ, ਵਰਨਾ ਮੇਰੇ ਵਿਰੁੱਧ ਫਤਵਾ ਦੇ ਦੇਣਾ। ਮੈਨੂੰ ਥੋੜੇ ਇਨੰਸਾਫ ਤੇ ਪੂਰਨ ਵਿਸ਼ਵਾਸ਼ ਐ। ਲਓ ਸੁਣੋ ਮੇਰੀ ਵਿਥਿਆ।

ਸਭ ਤੋਂ ਪਹਿਲਾਂ ਤਾਂ ਮੈਂ ਛਿਤੱਰ ਜਮੰਦਾ ਈ ਨਹੀਂ। ਜਮੰਦਾ ਤਾਂ ਮੈਂ ਰੰਗ ਬਰੰਗੀ ਕੁਰਮ, ਧੋੜੀ ਜਾਂ ਦੁਲਹਨ ਦੇ ਚੂੜੇ ਵਰਗੇ ਰੰਗ ਦੀ ਖੱਲ ਚੋਂ ਐ, ਪਰ ਛਿਤੱਰ ਬਣ ਕੇ ਨਹੀਂ, ਇਹਦੇ ਪੈਰਾਂ ਦਾ ਸ਼ਿੰਗਾਰ ਬਣਕੇ। ਮੈਂ ਸਾਦਾ ਜਾਂ ਤਿੱਲੇ ਵਿਚ ਮੜਿਆ ਹੁੰਦਾ ਹਾਂ। ਸਜਾਵਟ ਬਣਕੇ ਇਹਦੀ ਸ਼ਾਨ ਵਿਚ ਵਾਧਾ ਕਰਦਾ ਹਾਂ। ਮੈਨੂੰ ਪਹਿਣ ਕੇ ਇਹ ਆਕੜ ਆਕੜ ਕੇ ਠੁਮੱਕ ਠੁਮਕ ਤੁਰਦਾ ਐ। ਪਰ ਉਦੋਂ ਵੀ ਮੇਰੇ ਪ੍ਰਤੀ ਇਹ ਇੰਨਾ ਬੇ-ਪਰਵਾਹ ਹੁੰਦਾ ਐ ਕਿ ਸੌਹਰੀਂ ਜਾਕੇ ਮੇਰੀ ਰਾਖੀ ਵੀ ਨਹੀਂ ਕਰ ਸਕਦਾ। ਸਾਲੀਆਂ ਮੈਨੂੰ ਅਗਵਾ ਕਰਕੇ ਲੈ ਜਾਂਦੀਆ ਹਨ। ਪਰ ਉਹ ਕੈਨੇਡਾ ਵਾਂਗ ਖ੍ਰੀਦੀ ਹੋਈ ਚੀਜ਼ ਨੂੰ ਬ੍ਰਿਨਾਂ ਚੂੰ ਚਿਰਾਂ ਚੁਪ ਚਾਪ ਮੈਨੂੰ ਮੋੜਦੀਆਂ ਨਹੀਂ, ਉਹ ਤਾਂ ਇਹਦਾ ਨੱਕ ਵਿਚ ਦਮ ਕਰ ਦਿੰਦੀਆਂ ਹਨ। ਇਹ ਮਿਨਤਾਂ ਤਰਲੇ ਕਰਕੇ ਲੇਲ੍ਹੜੀਆਂ ਕਢ ਕੇ, ਮੁੜਾਈ ਦੇ ਕੇ ਅਤੇ ਮੁਜਰਿਮਾਂ ਵਾਂਗ ਜ਼ੁਰਮਾਨਾ ਭਰ ਕੇ ਮਸਾਂ ਮੈਨੂੰ ਰਿਹਾ ਕਰਵਾਉਂਦਾ ਐ। ਸਾਲ ਖੰਡ ਜ਼ਰ ਖ੍ਰੀਦ ਗੁਲਾਮ ਵਾਂਗ ਇਹਦੀ ਛਿਆਨੀ ਭਰਦਾ ਹਾਂ। ਕਲੰਦਰ ਦੇ ਰਿਛ ਵਾਂਗ ਨਾਚ ਕਰਦਾ ਹਾਂ। ਨਿਸ਼ਕਾਮ ਸੇਵਾ ਕਰਦਾ ਹਾਂ, ਸਿਆਹ ਕਰੇ ਸਫੈਦ ਕਰੇ, ਖਿੜੇ ਮਥੇ ਕਬੂਲ ਕਰਦਾ ਹਾਂ। ਚੂੰ ਚਿਰਾਂ ਕਰਨ ਮੈਂ ਜਾਣਦਾ ਈ ਨਹੀਂ।

ਹੁਣ ਤਸਵੀਰ ਦਾ ਦੂਜਾ ਪਾਸਾ ਵੀ ਵੇਖ ਲਵੋ ਬਈ ਇਸ ਭਲੇ ਮਾਨਸ ਤੋਂ ਕੀ ਸਰਦੀ ਐ। ਮੇਰੀ ਮਰੱਵਤ ਦੀ ਇਹਨੂੰ ਕੋਈ ਕਦਰ ਨਹੀਂ ਜਿਵੇਂ ਮਿਸਲ ਮਸ਼ਹੂਰ ਐ ਬਈ ਛੋਲੇ ਨੀ ਜਾਣਦੇ ਵਾਹ ਨੂੰ ਤੇ ਜੱਟ ਨੀ ਜਾਣਦਾ ਗੁਣ ਨੂੰ। ਮੇਰੀ ਚੰਗਿਆਈ ਇਹਦੇ ਲਈ ਕੋਈ ਮਾਅਨੇ ਨਹੀਂ ਰਖਦੀ। ਇਹ ਗਰਮੀ ਸਰਦੀ ਕੰਡਿਆ, ਰੋੜਾਂ, ਪਥਰਾਂ, ਉਚੇ ਨੀਵੇਂ, ਗੰਦੇ ਮੰਦੇ ਥਾਈਂ ਮੈਨੂੰ ਘੜੀਸੀ ਫਿਰਦਾ ਐ ਤੇ ਮੈਂ ਘਸਤੇ ਖਾਂਦਾ ਹਾਂ। ਕਦੇ ਪੈਰਾਂ ਨੂੰ ਸੁਖਾਵਾਂ ਰਖਣ ਲਈ ਮੇਰੇ ਵਿਚ ਕਲਬੂਤਾਂ ਠੱਕਦਾ ਐ। ਮੇਰਾ ਕਚੂਮਰ ਕਢ ਛਡੱਦਾ ਐ। ਮੈਂ ਆਹ ਵੀ ਨਹੀਂ ਭਰਦਾ ਤੇ ਗੁੰਗਾ ਬੋਲਾ ਹੋ ਕੇ ਦਿਨ ਕਟੀ ਕਰਦਾ ਹਾਂ। ਰੋਏ ਤੋਂ ਕਿਹੜਾ ਰੱਬ ਰੀਝਦਾ ਐ, ਪਰ ਇਹਦੀ ਜ਼ਿਦ ਹੁੰਦੀ ਐ ਬਈ ਇਹਨੂੰ ਛਿਤੱਰ ਬਣਾ ਕੇ ਈ ਸਾਹ ਲੈਣਾ ਐ। ਜੁੱਤੀ ਤੋਂ ਛਿਤੱਰ ਕੋਈ ਝੁਰਲੂ ਫੇਰ ਦੇਣ ਨਾਲ ਤਾਂ ਬਣਦਾ ਈ ਨਹੀਂ, ਨਾਂ ਈ ਇਹ ਸੱਪ ਦੀ ਕੁੰਜ ਬਦਲੀ ਕਰਨ ਵਰਗੀ ਸਾਧਾਰਣ ਕਿਰਿਆ ਈ ਐ, ਇਹ ਤਾਂ ਸੁਨਿਆਰ ਦੀ ਜ਼ਿੰਦਰੀ ਵਿਚ ਦੀ ਤਾਰ ਖਿਚੇ ਜਾਣ ਵਰਗੀ ਕਠਿਨ ਪ੍ਰੀਖਿਆ ਐ। ਛੁਰੀ ਨਾਲ ਸਿਬਾਹ ਹੋਣ ਜਾਂ ਜਲਾਲ-ਉਲ-ਦੀਨ ਖਿਲਜੀ ਵਾਂਗ ਜ਼ਹਿਰ ਨਾਲ ਘੁਲ ਘੁਲ ਕੇ ਮਰ ਜਾਣ ਦੇ ਤੁੱਲ ਐ। ਮੁਕਦੀ ਗੱਲ ਇਹ ਮੈਨੂੰ ਛਿਤੱਰ ਬਣਾ ਦਿੰਦਾ ਐ। ਭਾਵ ਜੁੱਤੀ ਦੀ ਮੌਤ ਹੋ ਜਾਂਦੀ ਐ। ਚਲੋ ਫੇਰ ਵੀ ਠੀਕ ਐ, ਹਰ ਇਨਸਾਨ ਦੀ ਮੰਜ਼ਿਲ ਸਿਵੇ, ਜਾਂ ਕਬਰ ਹੁੰਦੀ ਐ, ਤੇ ਹਰ ਛਿਤੱਰ ਦੀ ਮੰਜ਼ਿਲ ਰੂੜੀ। ਕਬਰ ਵਿਚ ਸਬਾਈ ਸਕੂਨ ਹਾਸਿਲ ਹੋ ਜਾਂਦਾ ਐ ਪਰ ਮੇਰੇ ਕਰਮਾਂ ਵਿਚ ਤਾਂ ਇਹ ਵੀ ਨਹੀਂ ਕਿਉਂ ਜੋ ਇਹ ਮੈਨੂੰ (ਛਿਤੱਰ ਨੂੰ) ਅਜੇ ਰੂੜੀ (ਕਬਰ ਵਿਚ) ਉਤੇ ਸਿਟਦਾ ਨਹੀਂ, ਫੌਜੀ ਦੇ ਪਾਜਾਮੇ ਵਾਂਗ ਹੋਰ ਈ ਅੱਵਲੇ ਜਿਹੇ ਕੰਮ ਲੈਣ ਲੱਗ ਪੈਂਦਾ ਐ। ਮੈਥੋਂ ਕੋਝੀ ਤੋਂ ਕੋਝੀ ਸੇਵਾ ਲੈ ਕੇ, ਪੂਰੀ ਤਰ੍ਹਾਂ ਨਸ਼ਰ ਕਰਕੇ, ਦਾਤ੍ਹੀ ਫੁਲ ਪਾਕੇ, ਫੇਰ ਮਸਾਂ ਕਿਤੇ ਜਾਕੇ ਮੈਨੂੰ ਰੂੜੀ (ਕਬਰ) ਨਸੀਬ ਹੁੰਦੀ ਐ। ਰੂੜੀ ਤੇ ਕਿਹੜਾ ਮੈਨੂੰ ਸਕੂਨ ਮਿਲਦਾ ਐ। ਇਸੇ ਦਾ ਕੋਈ ਮਜਬੂਰ ਸਾਥੀ ਮੈਨੂੰ ਰੂੜੀਆਂ ਚੋਂ ਚੁਗ ਕੇ ਲੈ ਜਾਂਦਾ ਐ ਤੇ ਤਿੱਲਾ ਕਢ ਕੇ ਵੇਚਨ ਵਾਸਤੇ ਮੈਨੂੰ ਜਲਾਉਂਦਾ ਐ। ਜਿਵੇਂ ਕੈਨੇਡਾ ਖਰਾਬ ਕਰੈਡਿਟ ਵਾਲੇ ਬੰਦੇ ਨੂੰ ਭਜਾਈ ਫਿਰਦਾ ਐ, ਓਵੇਂ ਈ ਮੈਨੂੰ ਟਿਕਣ ਨਹੀਂ ਦਿੰਦਾ।

ਮੇਰੀ ਇਕ ਅਦਨੀ ਜਿਹੀ ਸਿਕ ਐ ਬਈ ਪਹਿਲੀ ਜਮਾਤ ਦੇ ਕਾਇਦੇ ਵਿਚ 'ਛ' ਛਿਤੱਰ ਲਿਖ ਕੇ ਮੇਰੀ ਤਸਵੀਰ ਛਾਪ ਦੇਵੇ, ਪਰ ਨਹੀਂ ਓਥੇ ਵੀ 'ਛ' ਛਤਰੀ ਲਿਖ ਛਡਦਾ ਐ। ਸਦੀਆਂ ਤੋਂ ਮੇਰੀ ਇਹ ਸਿਕ ਵੀ ਅਧੂਰੀ ਐ। ਇਹ ਮੈਨੂੰ ਇੰਨੀ ਕੁ ਇਜ਼ਤ ਅਫਜ਼ਾਈ ਦੇ ਕਾਬਲ ਵੀ ਨਹੀਂ ਸਮਝਦਾ, ਜਿਵੇਂ ਮੈਨੂੰ ਏਡਜ਼ ਦਾ ਰੋਗ ਹੋਵੇ।

ਮੂਲ ਰੂਪ ਵਿਚ ਮੈਂ ਬੇ-ਇਜੱਤੀ ਦਾ ਪਾਤਰ ਹਾਂ। ਹੁਣ ਜਰਾ ਕੰਨ ਲਾਕੇ ਸੁਣੋ ਬਈ ਇਹਨੇ ਮੈਨੂੰ ਕਿਵੇਂ ਤੇ ਕਿੰਨਾਂ ਜ਼ਲੀਲ ਕਰ ਛਡਿਆ ਐ। ਸਭ ਤੋਂ ਪਹਿਲਾਂ ਇਖਲਾਕੀ ਮਜਰਿਮਾਂ ਦੀ ਕੁਟ ਮਾਰ ਅਤੇ ਮਰਮੱਤ ਵਾਸਤੇ ਮੈਨੂੰ ਪੁਲਿਸ ਦੇ ਹੱਥ ਫੜਾ ਛਡਿਆ ਐ। ਇਹ ਮਲਾਮਤ ਮੇਰੇ ਗਲ ਫਰੰਗੀ ਦੇ ਵੇਲੇ ਤੋਂ ਪਾਈ ਹੋਈ ਐ। ਪੁਲਿਸ ਦਾ ਭਾੜਾ ਸਿਟ ਔਣ ਦੇ ਗੌਰਵ ਵਿੱਚ ਖੋਤੀ ਦੂਜੀਆਂ ਖੋਤੀਆਂ ਵਿਚ ਨਹੀਂ ਸੀ ਰਲਦੀ, ਪਰ ਮੈਂ ਕਾਹਦਾ ਗੌਰਵ ਕਰਾਂ? ਮੇਰੇ ਤੇ ਤਾਂ ਵਿਗਿਆਨੀ ਨਿਊਟਨ ਦਾ ਸਿਧਾਂਤ ਲਾਗੂ ਹੁੰਦਾ ਐ ਕਿ ਹਰ ਕਿਰਿਆ ਵਿਚ ਬਰਾਬਰ ਦਾ ਤੇ ਉਲਟਾ ਪ੍ਰਤਿਕਰਮ ਹੁੰਦਾ ਐ। (In every action, there is an equal opposite reaction)ਜਿੰਨੀ ਸੱਟ ਮੈਂ ਮੁਜਰਿਮ ਦੇ ਮਾਰਦਾ ਹਾਂ ਓਨੀ ਈ ਅਗੋਂ ਉਲਟੀ ਮੇਰੇ ਵਜਦੀ ਐ।

ਇਹਦੇ ਮੂੰਹੋਂ ਇਹ ਸੁਣ ਕੇ ਬਈ ਫਲਾਨਾ ਤਾਂ ਛਿਤੱਰ ਦਾ ਯਾਰ ਐ, ਪਹਿਲਾਂ ਤਾਂ ਮੈਂ ਮਸ਼ਕ ਵਾਂਗ ਫੁਲ ਗਿਆ ਬਈ ਯਾਰੀ ਤਾਂ ਬਰਾਬਰ ਦਿਆਂ ਵਿਚ ਹੁੰਦੀ ਐ ਤੇ ਇਹਨੇ ਮੈਨੂੰ ਬਰਾਬਰ ਦਾ ਰੁਤਬਾ ਦੇ ਦਿਤਾ। ਮਗਰੋਂ ਸਮਝ ਆਈ ਬਈ ਇਹ ਕਿਹੜਾ ਮੈਨੂੰ ਸਵਾਮੀ ਬਬੇਕਾ ਨੰਦ, ਭਗਤ ਕਬੀਰ ਜਾਂ ਮਸਤੂਆਨੇ ਵਾਲੇ ਸੰਤ ਅਤਰ ਸਿੰਘ ਦਾ ਯਾਰ ਬਨਾਉਂਦਾ ਐ। ਇਹ ਤਾਂ ਮੈਨੂੰ ਗਏ ਗੁਜਰਿਆਂ ਦਾ ਯਾਰ ਕਹਿ ਕੇ ਜ਼ਲੀਲ ਕਰਦਾ ਐ।

ਲਚੂ ਪੌਹ ਵਿਚ ਮੈਨੂੰ ਖਿਚੀ ਫਿਰਦਾ ਹੈ । ਕੱਚੇ ਪਿੱਲੇ ਆਸ਼ਕਾ ਤੇ ਮਜਨੂੰਆਂ ਦੀ ਮਰੱਮਤ ਕਰਨ ਵਾਸਤੇ ਵੀ ਮੈਨੂੰ ਈ ਚੁਣਿਆ ਗਿਆ ਐ। ਓਦੋਂ ਮੈਨੂੰ ਕਿਸੇ ਜੋਬਨ ਮਤੀ ਮਟਿਆਰ ਦੇ ਹੱਥ ਫੜਾ ਦਿੰਦਾ ਐ ਤੇ ਮੈਂ ਠਾਹ ਠਾਹ ਦੀ ਆਵਾਜ਼ ਨਾਲ ਵਜ਼ਦਾ ਹਾਂ। ਪਰ ਓਦੋਂ ਮੈਂ ਛਿਤੱਰ ਦੀ ਥਾਂ ਸੈਂਡਲ ਦਾ ਲਕਬ ਧਾਰਨ ਕਰ ਲੈਂਦਾ ਹਾਂ। ਮੈਨੂੰ ਸ਼ਰੇ ਬਾਜ਼ਾਰ ਨਸ਼ਰ ਕੀਤਾ ਜਾਂਦਾ ਐ ਕਿਉਂ ਕਿ ਦੂਜੇ ਸਾਰੇ ਵੀ ਛਿਤੱਰ ਲਾਹ ਕੇ ਆਸ਼ਕ ਦੇ ਉਦਾਲੇ ਹੋ ਜਾਂਦੇ ਹਨ। ਚੋਭਾਂ ਮੈਨੂੰ ਅੱਡ ਲਾਉਂਦਾ ਰਹਿੰਦਾ ਐ ਅਖੇ ਜਿੰਨੀ ਵੱਧ ਝੂਠ ਬੋਲਨ ਦੀ ਸਮੱਰਥਾ ਓਨਾ ਈ ਵੱਡਾ ਕਵੀ ਤੇ ਜਿੰਨੇ ਬਹੁਤੇ ਛਿਤੱਰ ਖਾਵੇ, ਓਨਾ ਈ ਵੱਡਾ ਟਕਸਾਲੀ ਮਜਨੂੰ।

ਨਜ਼ਰ ਵੱਟੂ ਹੋਣ ਦਾ ਰੁਤਬਾ ਮੈਨੂੰ ਬਖਸ਼ ਰਖਿਆ ਐ। ਨਵੇਂ ਬਣੇ ਮਕਾਨਾਂ, ਟ੍ਰੱਕਾਂ ਆਦਿ ਮੂਹਰੇ ਮੈਨੂੰ ਓਵੇਂ ਈ ਲਟਕਾ ਦਿੰਦਾ ਐ, ਜਿਵੇਂ ਗਿਰਾਜ ਸੇਲ ਦੇ ਫੱਟੇ ਲਟਕਦੇ ਨਜਰ ਆਉਂਦੇ ਹਨ। ਮਹੀਆਂ. ਗਾਈਆਂ ਦੇ ਗਲਾਂ ਨਾਲ ਮੈਨੂੰ ਬੰਨ੍ਹ ਛਡਦਾ ਐ। ਨਜ਼ਰ ਤਾਂ ਕਹਿੰਦੇ ਪਥਰਾਂ ਨੂੰ ਪਾੜ ਦਿੰਦੀ ਐ, ਇਹ ਮੈਨੂੰ ਓਸੇ ਦੇ ਮੂਹਰੇ ਡਾਹੀ ਰਖਦਾ ਹੈ। ਭਾਈ ਬਚਿੱਤਰ ਸਿੰਘ ਵਾਂਗ ਮੈਥੋਂ ਵੀ ਮਸਤ ਹਾਥੀ ਦਾ ਮਥਾ ਪਾੜ ਦੇਣ ਦੀ ਉਮੀਦ ਰਖਦਾ ਐ। ਮਰਾਂ ਭਾਵੇਂ ਜੀਵਾਂ।

ਕਿਸੇ ਸ਼ਰਮਨਾਕ ਕਰਤੂਤ ਦੇ ਦੋਸ਼ੀ ਨੂੰ ਭਾਈਚਾਰੇ ਦੁਆਰਾ ਸ਼ਰਮਿੰਦੰਗੀ ਦੇਣ ਵਾਸਤੇ ਵੀ ਮੈਨੂੰ ਈ ਚੁਣਿਆ ਗਿਆ ਐ। ਫੁਲਾਂ ਦੇ ਹਾਰ ਦੀ ਥਾਂ ਮੇਰੇ ਨਿਕੇ ਨਿਕੇ ਗੋਲ ਜਿਹੇ ਟੁਕੜੇ ਕਰਕੇ, ਹਾਰ ਪਰੋ ਕੇ ਪਾਇਆ ਜਾਂਦਾ ਹੈ ।

ਕਿਸੇ ਸ਼ਰਮਨਾਕ ਕਰਤੂਤ ਦੇ ਦੋਸ਼ੀ ਨੂੰ ਭਾਈਚਾਰੇ ਦੁਆਰਾ ਸ਼ਰਮਿੰਦਗੀ ਦੇਣ ਵਾਸਤੇ ਵੀ ਮੈਨੂੰ ਈ ਚੁਣਿਆ ਗਿਆ ਐ। ਫੁਲਾਂ ਦੇ ਹਾਰ ਦੀ ਥਾਂ ਮੇਰੇ ਨਿਕੇ ਨਿਕੇ ਗੋਲ ਜਿਹੇ ਟੁਕੜੇ ਕਰ ਕੇ, ਹਾਰ ਪਰੋ ਕੇ ਪਾਇਆ ਜਾਂਦਾ ਐ, ਹੈ ਨਾ ਉਹੀ ਗੱਲ ਬਈ ਚਿੜਿਆਂ ਦਾ ਮਰਨ ਤੇ ਗਵਾਰਾਂ ਦਾ ਹਾਸਾ।

ਮੈਨੂੰ ਨੀਵਾਂ ਦਖਾਉਣ ਲਈ ਵੰਨ ਸਵੰਨੇ ਮੁਹਾਵਰੇ ਤੇ ਆਖਾਣ ਘੜ੍ਹ ਰਖੇ ਹਨ। ਛਿਤੱਰੀ ਦਾਲ ਵੰਡ ਕੇ ਮੈਨੂੰ ਥੱਲੇ ਲਾਹੁੰਦਾ ਐ। ਕੀ ਮੇਰੇ ਰਾਹੀਂ ਵੰਡਨ ਵਾਸਤੇ ਦਾਲ ਈ ਬਿਆਈ, ਖੀਰ ਜਾਂ ਜਰਦਾ ਪਲਾਅ ਨੀ ਵੰਡ ਸਕਦਾ ਸੀ? ਛੱਲੀਆਂ ਦੇ ਚੋਰ ਨੂੰ ਛਿਤੱਰਾਂ ਦੀ ਮਾਰ ਈ ਹੁੰਦੀ ਐ ਕਹਿ ਕੇ ਮੇਰਾ ਅਪਮਾਨ ਕਰਦਾ ਐ, ਜਿਵੇਂ ਮੇਰੀ ਪੀੜ ਨਾ ਲਗਦੀ ਹੋਵੇ ਤੇ ਮੈਂ ਖੁੰਢਾ ਸ਼ਸਤਰ ਹੋਵਾ। ਮੇਰੀ ਮਾਰ ਦਾ ਕੋਈ ਮੁਲ ਈ ਨਾ ਹੋਵੇ। ਛਿਤੱਰ ਵਰਗਾ ਮੂੰਹ ਕਹਿ ਕੇ ਮੇਰੀ ਸੂਰਤ ਪਰਖਦਾ ਐ ਤੇ ਮੈਂ ਅੱਖ ਵੀ ਉਦੀ ਨੀ ਕਰ ਸਕਦਾ। ਛਿਤੱਰ ਨਾਲ ਘੁੱਗੀ ਜਾਂ ਬਟੇਰਾ ਕੁਟਨਾ ਆਖ ਕੇ ਮੇਰਾ ਮੁਲ ਘਟਾਉਂਦਾ ਐ। ਟੁੱਟੇ ਛਿਤੱਰ ਵਾਂਗ ਵਧਨਾ ਕਹਿਕੇ ਮੈਨੂੰ ਨਿੰਦਦਾ ਐ। ਛਿਤੱਰ ਤੇ ਨੀ ਜਾਣਦਾ ਤੇ ਛਿਤੱਰ ਨੀ ਮਾਰਦਾ ਕਹਿ ਕੇ ਬੇ-ਪਰਵਾਹ ਬਣ ਬਹਿੰਦਾ ਐ ਤੇ ਮੈਨੂੰ ਨਿੰਦਦਾ ਐ। ਛਿਤੱਰ ਤੇ ਨੀ ਜਾਣਦਾ ਤੇ ਛਿਤੱਰ ਨੀ ਮਾਰਦਾ ਕਹਿ ਕੇ ਬੇ-ਪਰਵਾਹ ਬਣ ਬਹਿੰਦਾ ਐ ਤੇ ਮੈਨੂੰ ਮਿੱਟੀ ਚੁ ਮਿਲਾ ਛਡਦਾ ਐ। ਛਿਤੱਰ ਨਾਲ ਕੰਮ ਲੈਣਾ ਆਖ ਆਖ ਕੇ ਹੌਕੜ ਜਗਾਉਂਦਾ ਐ। ਛਿਤੱਰਾਂ ਦੀ ਵਾਤ ਕਰਦੂੰ ਕਹਿਕੇ ਮੈਥੋਂ ਭਾੜੀਆਂ ਦਾ ਕੰਮ ਲੈ ਲੈਂਦਾ ਐ। ਛਿਤੱਰ ਪੋਲਾ ਕਰਨਾ, ਛਿਤਰੌਲ ਫੇਰਨੀ, ਛਿਤੱਰ ਲਾਹ ਲਿਆ, ਖਾਂਈ ਜਾਹ ਛਿਤੱਰ ਵਰਗੀ ਅਖੜ ਬੋਲੀ ਬੋਲ ਕੇ ਮੈਨੂੰ ਅਸਭਿਆ ਦਰਸਾਉਂਦਾ ਰਹਿੰਦਾ ਐ।

ਆਹ ਛਿਤੱਰ ਦੀਹਦੈ, ਛਿਤੱਰ ਖਾਵੇਗਾ, ਆਉਂਦਾ ਐ ਫੇਰ ਛਿਤੱਰ ਆਖ ਆਖ ਰੁਹਬ ਛਾਂਟਦਾ ਐ। ਮੇਰੇ ਛਿਤੱਰ ਵਿਚ ਪਸੇਰੀ ਛੋਲੇ ਪੈਂਦੇ ਐ, ਦੱਸ ਦੱਸ ਕੇ ਸ਼ੇਖੀਆਂ ਮਾਰਦਾ ਐ। ਤੈਨੂੰ ਛਿਤੱਰਾਂ ਦਾ ਡਰ ਨੀ,

Cont'd Page 19



MAJHA ENT. LTD
&
RANDHAWA FARMS LTD.



ਡੈਲਟਾ ਵਿੱਚ ਬਣ ਰਹੇ 30 ਏਕੜ ਟਮਾਟਰਾਂ ਦੇ ਗਰੀਨਹਾਉਸ 18 ਏਕੜ ਖੀਰਿਆਂ ਦੇ ਗਰੀਨਹਾਉਸ ਅਤੇ ਐਬਟਸਫੋਰਡ ਵਿਚ ਬਣ ਰਹੇ 10 ਏਕੜ ਮਿਰਚਾਂ ਦੇ ਗਰੀਨਹਾਉਸ ਅਤੇ ਟਮਾਟਰਾਂ ਦੀ ਗਰੇਡਿੰਗ ਲਈ 300 ਕਾਮਿਆਂ ਦੀ ਲੋੜ ਹੈ। ਇਹ ਕੰਮ ਨਵੰਬਰ ਤੋਂ ਸ਼ੁਰੂ ਹੋਵੇਗਾ, ਅਤੇ ਸਾਰਾ ਸਾਲ ਲਗਾਤਾਰ ਚਲੇਗਾ। ਇਹ ਕੰਮ ਘੰਟਿਆਂ ਤੇ ਕਰਵਾਇਆ ਜਾਵੇਗਾ। ਸਰੀ, ਡੈਲਟਾ ਤੇ ਐਬਟਸਫੋਰਡ ਤੋਂ ਟਰਾਂਸਪੋਰਟੇਸ਼ਨ ਦਾ ਪੂਰਾ ਪ੍ਰਬੰਧ ਹੋਵੇਗਾ। ਮਾਝਾ ਕੰਪਨੀ ਨੂੰ 15 ਬੱਸ ਡਰਾਇਵਰਾਂ ਦੀ ਲੋੜ ਹੈ, ਜਿੰਨਾ ਕੋਲ ਕਲਾਸ 4 ਦਾ ਬਸ ਡਰਾਇਵਰ ਦਾ ਲਾਈਸੈਂਸ ਹੋਣਾ ਜ਼ਰੂਰੀ ਹੈ।

PH: (604) 856-6207
FAX: (604) 856-6508



221 Defehr Road,
Abbotsford, B.C.
V4X 2J7



ABBY AUTO CENTRE

ਆਪਣੇ ਭਾਈਆਂ ਦੀ ਆਟੋ ਰਿਪੇਅਰ ਦੀ ਦੁਕਾਨ

2016 Paramont Ave, Abbotsford, B.C.

Phone (604) 852-0420





For All Your Automotive Needs (General Repairs)

-- ਕਾਰ ਇੰਜਣ ਦੀ ਹਰ ਤਰ੍ਹਾਂ ਦੀ ਮੁਰੰਮਤ ਲਈ --

- Tune Up
- Brakes
- Suspension Work
- Engines & Transmissions
- Computer Diagnosis
- Oil Changes
- Exhaust

RANGEELA DANCE SCHOOL

ACADEMY OF INDIAN ARTS AND DANCE



Rangeela Dance School has been in operation in Abbotsford for over 2 years and we offer our sincere thanks to the Abbotsford Community for allowing us to be a part of their community.

Like any other new venture, we have had good times and some bad. However, the support from this community has made us realize that we are here to stay because you want us and the kids love us.

British Columbia
Surrey: (604) 594-6866
Vancouver: (604) 324-7264
Abbotsford: (604) 504-3114
Burnaby: (604) 521-7264

Alberta
Calgary: (403) 590-6206
Edmonton: (780) 425-7264

Ontario
Toronto: (905) 672-7264

USA
Seattle:
(206) 522-4893

We are offering dance classes in the following categories:
Bhangra, Filmy, Folk, Semi-Classical, Hip Hop and Dhol

Join Us Now!!

Ph: (604) 590-0007 Fax: (604) 590-0046

www.rangeela.net

ਸਥਾਨਕ ਖਬਰਾਂ

ਮਿਸ਼ਨ ਦੇ ਐਮ. ਪੀ. ਦੀ ਤਰੱਕੀ



ਮਿਸ਼ਨ ਦੇ ਐਮ. ਪੀ. ਗਰੈਟ ਮਕੈਨਲੀ ਨੂੰ ਵਿਰੋਧੀ ਧਿਰ ਦਾ ਡਿਪਟੀ ਲੀਡਰ ਥਾਪਿਆ ਗਿਆ ਹੈ। ਹੁਣ ਉਹ ਹਾਊਸ ਲੀਡਰ ਰੈਂਡੀ ਵਾਈਟ ਨਾਲ ਮਿਲ ਕੇ ਕੰਮ ਕਰਨਗੇ ਅਤੇ ਨਾਲ ਹੀ ਬੱਚਿਆਂ ਅਤੇ ਪਰਵਾਰਾਂ ਦੇ ਮਾਮਲਿਆਂ ਦੇ ਡਿਪਟੀ ਆਲੋਚਕ ਹੋਣਗੇ ਜਿਸ ਨਾਲ ਉਹ ਰਿਫਾਰਮ ਪਾਰਟੀ ਦੇ ਪਰਵਾਰਕ ਪਲੈਟਫਾਰਮ ਦੀ ਬੜ੍ਹੋਤਰੀ ਲਈ ਕੰਮ ਕਰਨਗੇ। ਪ੍ਰੈਸ ਰਿਲੀਜ਼ ਵਿੱਚ ਉਨ੍ਹਾਂ ਕਿਹਾ ਕਿ ਉਹ ਬਹੁਤ ਉਤਸ਼ੁਕ ਅਤੇ ਸਨਮਾਨਿਤ ਮਹਿਸੂਸ ਕਰਦੇ ਹਨ। ਡਿਪਟੀ ਲੀਡਰ ਵਜੋਂ ਉਹ ਪਾਰਲੀਮੈਂਟ ਵਿੱਚ ਰਿਫਾਰਮ ਪਾਰਟੀ ਦੀ ਪੈਂਤੜੇਬਾਜ਼ੀ ਜਾਂ ਜੁਗਤੀ ਨੂੰ ਇਕਸੁਰ ਕਰਨ ਵਿੱਚ ਸਹਾਇਤਾ ਕਰਨਗੇ। ਉਨ੍ਹਾਂ ਕਿਹਾ ਕਿ ਉਹ ਤੀਬਰਤਾ ਨਾਲ ਬੱਚਿਆਂ ਦੇ ਲੱਚਰ ਸਾਹਿਤ, ਗੈਰ ਕਾਨੂੰਨੀ ਪਰਵਾਸ, ਅਤੇ ਨਿਤਾ ਪ੍ਰਤੀ ਵੱਧ ਰਹੇ ਟੈਕਸ-ਬੋਝ ਉਪਰ ਸਰਕਾਰ ਵਲੋਂ ਧਾਰੀ ਚੁੱਪ ਅਤੇ ਇਨ੍ਹਾਂ ਮਾਮਲਿਆਂ ਨੂੰ ਹੱਲ ਕਰਨ ਤੋਂ ਇਨਕਾਰ ਵਰਗੀਆਂ ਨੀਤੀਆਂ ਨੂੰ ਚੈਲੰਜ ਕਰਾਂਗਾ।

ਨਰਸਾਂ ਨੂੰ ਕੁਝ ਰਾਹਤ ਮਿਲਣ ਦੀ ਆਸ

ਪਿਛਲੇ ਸਮੇਂ ਵਿੱਚ ਮਿਸ਼ਨ ਅਤੇ ਐਬਟਸਫੋਰਡ ਦੇ ਹਸਪਤਾਲਾਂ ਵਿੱਚ ਸਰਜੀਕਲ ਵਾਰਡਾਂ ਵਿੱਚ ਕੁੱਝ ਬੈਡੱ ਬੰਦ ਕੀਤੇ ਗਏ।ਕੁੱਝ ਮਰੀਜ਼ ਮਿਸ਼ਨ ਤੋਂ ਐਬਟਸਫੋਰਡ ਹਸਪਤਾਲ ਵਿਚ ਤਬਦੀਲ ਕੀਤੇ ਗਏ। ਨਰਸਾਂ ਦੀ ਘਾਟ ਹੋਣ ਕਰਕੇ ਨਰਸਾਂ ਉਪਰ ਕੰਮ ਦਾ ਬੋਝ ਕਾਫੀ ਸੀ ਜਿਸ ਦੇ ਪ੍ਰਤੀਕਰਮ ਵਜੋਂ ਉਨ੍ਹਾਂ ਵਲੋਂ ਵੱਖ ਵੱਖ ਢੰਗਾਂ ਨਾਲ ਰੋਸ ਦਾ ਪ੍ਰਗਟਾਵਾ ਵੀ ਕੀਤਾ ਗਿਆ। ਪਰ ਹੁਣ ਸਰਕਾਰ ਵਲੋਂ ਕੁੱਝ ਮਾਇਕ ਆਉਣ ਨਾਲ ਇਸ ਸਥਿਤੀ ਵਿੱਚ ਕੁੱਝ ਸੁਧਾਰ ਹੋਣ ਦੀ ਆਸ ਬੱਝੀ ਹੈ। ਦਵਾਈਆਂ ਨੂੰ ਮਿਲਾਉਣ ਆਦਿ ਦੇ ਪ੍ਰੋਗਰਾਮ ਆ ਜਾਣ ਨਾਲ ਫਾਰਮੇਸੀ ਸਟਾਫ ਤਾਂ ਕੁੱਝ ਵਧੇਗਾ ਪਰ ਨਰਸਾਂ ਦੇ ਕੰਮ ਵਿੱਚ ਉਨ੍ਹਾਂ ਨੂੰ ਕੁੱਝ ਰਾਹਤ ਮਿਲੇਗੀ। ਇਹ ਆਸ ਹੈਲਥ ਰਿਜਨ ਦੇ ਸੀ.ਈ.ਓ.ਲਾਰੀ ਟੋਕਾ ਰੱਕ ਨੇ ਪ੍ਰਗਟਾਈ ਹੈ।

ਰੋਗੀ ਵਲੋਂ ਧੰਨਵਾਦ

ਮੈਰੀ ਫ੍ਰਾਂਸਿਜ਼ ਥਾਮਸਨ ਜੋ ਆਪਣੀ ਜਿੰਦਗੀ ਦੇ ਆਖਰੀ ਸਾਲ ਮਿਸ਼ਨ ਹਸਪਤਾਲ ਵਿੱਚ ਰਹੀ, ਨੇ ਆਪਣੀ ਜਾਇਦਾਦ ਜਿਸ ਦੀ ਕੀਮਤ $91000 ਹੈ,ਹਸਪਤਾਲ ਨੂੰ ਦਾਨ ਵਜੋਂ ਦੇ ਦਿਤੀ। ਹੈਲਥ ਬੋਰਡ ਮੈਂਬਰ ਕੈਥੀ ਗਾਰਵੇ ਨੇ ਇਸ ਦਾਨ ਲਈ ਦਾਨੀ ਦਾ ਧੰਨਵਾਦ ਕੀਤਾ ਹੈ।

ਮਿਸ਼ਨ ਦੇ ਮੇਅਰ ਹੋਜ਼ ਦੀ ਸਥਾਨਕ ਸਿਆਸਤ ਵਿਚ ਦਿਲਚਸਪੀ

ਮਿਸ਼ਨ ਦੇ ਮੇਅਰ ਰੈਂਡੀ ਹੋਜ਼ ਦਾ ਕਹਿਣਾ ਹੈ ਕਿ ਭਾਵੇ ਉਨ੍ਹਾਂ ਦੀ ਰੁਚੀ ਸੂਬਾਈ ਸਿਆਸਤ ਵਿੱਚ ਵੀ ਹੈ ਪਰਹਾਲ ਦੀ ਘੜੀ ਉਹ ਸਥਾਨਕ ਸਿਆਸਤ ਵਿੱਚ ਭਾਗ ਲੈਂਦੇ ਰਹਿਣਗੇ। ਇਸ ਕਰਕੇ ਉਹ ਆਉਣ ਵਾਲੀਆਂ ਮਿਉਨਿਸਪਲ ਚੋਣਾਂ ਵਿੱਚ ਲੜਨਗੇ। ਪਿਛਲੇ ਛੇ ਸਾਲਾਂ ਵਿੱਚ ਉਨ੍ਹਾਂ ਦਾ ਧਿਆਨ ਸ਼ਾਪਿੰਗ ਦੇ ਵਿਕਾਸ ਵਲ ਰਿਹਾ ਹੈ ਅਤੇ ਭਵਿੱਖ ਵਿੱਚ ਵੱਧ ਪੈਦਾਵਾਰ ਅਤੇ ਵਿਕਾਸ, ਅਪਰਾਧਾਂ ਨੂੰ ਘਟਾਉਣਾ ਅਤੇ ਵਾਟਰ ਸਿਸਟਮ ਉਨ੍ਹਾਂ ਦੇ ਮੁੱਖ ਨਿਸ਼ਾਨੇ ਹੋਣਗੇ।

For All Your Advertising Needs Call Punjabi Patrika 852-2288

ਸੈਨਕਾਂ ਨੂੰ ਵਾਲ ਰੰਗਣ ਦੀ ਆਗਿਆ

ਕੈਨੇਡੀਅਨ ਸੈਨਕਾਂ ਉਪਰ ਵਾਲਾਂ ਨੂੰ ਰੰਗਣ ਦੀ ਪਾਬੰਦੀ ਖਤਮ ਕਰ ਦਿਤੀ ਗਈ ਹੈ। ਪਰ ਲੜਾਕੂ ਸੈਨਕ ਅਜੇ ਵੀ ਕੰਮ ਦੈ ਘੰਟਿਆਂ ਦੌਰਾਨ ਧੁੰਨੀ ਅਤੇ ਜੀਭ ਤੇ ਮੁੰਦਰੀਆਂ ਨਹੀਂ ਪਾ ਸਕਦੇ। ਨਵੇਂ ਕਾਨੂੰਨਾਂ ਅਨੁਸਾਰ ਉਹ ਸੈਨਕ ਪਗੜੀ ਪਹਿਨ ਸਕਦੇ ਹਨ ਜਿੰਨਾਂ ਦਾ ਧਰਮ ਉਨ੍ਹਾਂ ਤੋਂ ਇੰਜ ਕਰਨ ਦੀ ਮੰਗ ਕਰਦਾ ਹੈ। ਪਰ ਇਨ੍ਹਾਂ ਪਗੱੜੀਆਂ ਦਾ ਰੰਗ ਉਹੀ ਹੋਵੇਗਾ ਜੋ ਦੂਜੇ ਸੈਨਕਾਂ ਦੀਆਂ ਟੋਪੀਆਂ ਦਾ ਹੁੰਦਾ ਹੈ। ਇਸ ਨਾਲ ਸੈਨਾਂ ਦੀ ਦਿੱਖ ਵਿੱਚ ਇੱਕ ਸਾਰਤਾ ਕਾਇਮ ਰਹਿੰਦੀ ਹੈ।

ਦੇਰ ਆਇਦ-ਦੁਰਸਤ ਆਇਦ
(ਠੀਕ ਰਾਹ ਪੈ ਗਏ ਭਾਵੇਂ ਦੇਰ ਨਾਲ ਹੀ ਪਏ)

ਭਾਵੇਂ ਅਦਾਲਤਾਂ ਵਿੱਚ ਗਵਾਹੀ ਦੇਣ ਲਈ ਟੀ.ਵੀ. ਤਕਨੀਕ ਦੀ ਵਰਤੋਂ ਦੀ ਆਗਿਆ ਕਾਨੂੰਨੀ ਤੌਰ ਤੇ ਕਾਫੀ ਚਿਰ ਤੋਂ ਸੀ ਪਰ ਇਸ ਦੀ ਵਰਤੋਂ ਨਹੀਂ ਸੀ ਕੀਤੀ ਜਾ ਰਹੀ। ਹੁਣ ਅਟਾਰਨੀ ਜਨਰਲ ਉਜੱਲ ਦੁਸਾਂਝਨੇ ਪਿਛੇ ਜਿਹੇ ਐਲਾਨ ਕੀਤਾ ਹੈ ਕਿ ਬੀ.ਸੀ. ਵਿੱਚ ਛੇ ਥਾਂਵਾਂ ਤੇ ਕਲੋਜ਼ ਸਰਕਟ ਟੈਲੀਵੀਯਨ ਸਿਸਟਮ ਉਪਲਬਧ ਕਰਾਏ ਜਾਣਗੇ ਜਿਸ ਰਾਹੀਂ ਅਪਰਾਧੀ ਜਾਂ ਜਿਸ ਵਿਰੁੱਧ ਅਪਰਾਧ ਕੀਤਾ ਗਿਆ ਹੈ ਅਦਾਲਤ ਤੋਂ ਬਾਹਰ ਪਰ ਉਸੇ ਇਮਾਰਤ ਵਿੱਚ ਕਿਸੇ ਹੋਰ ਥਾਂ ਤੋਂ ਆਪਣੀ ਗਵਾਹੀ/ਗਲ ਸੁਣਾ ਸਕਣਗੇ। ਇਸ ਤਰ੍ਹਾਂ ਉਨ੍ਹਾਂ ਨੂੰ ਅਦਾਲਤ ਵਿੱਚ ਹਾਜ਼ਰ ਵਿਰੋਧੀ ਆਦਮੀਆਂ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਇਸ ਟੀ.ਵੀ. ਤਕਨੀਕ ਨਾਲ ਐਬਟਸਫੋਰਡ ਤੋਂ ਬਾਹਰ ਬੈਠਾ ਆਦਮੀ ਆਪਣੀ ਗਵਾਹੀ ਦੇ ਸਕੇਗਾ।

ਗਿਬਸਨ ਫਿਰ ਸਿਟੀ ਕਾਉਂਸਲ ਲਈ ਉਮੀਦਵਾਰ



ਐਬਟਸਫੋਰਡ ਸਿਟੀ ਕਾਉਂਸਲ ਵਿੱਚ ਗਿਬਸਨ ਸਭ ਤੋਂ ਪੁਰਾਣਾ ਕਾਉਂਸਲਰ ਹੈ ਅਤੇ ਉਸ ਨੇ ਇੱਕ ਵਾਰ ਫਿਰ ਮਿਉਨਿਸਪਲ ਕਾਉਂਸਲ ਦੀ ਚੋਣ ਲੜਨ ਦਾ ਮਨ ਬਣਾਇਆਹੈ। 1978 ਵਿੱਚ ਉਹ ਪਹਿਲੀ ਵਾਰ ਮੈਸਕੀ ਕਾਉਂਸਲ ਲਈ ਚੁਣੇ ਗਏ ਸਨ। ਉਨ੍ਹਾਂ ਦਾ ਵਿਚਾਰ ਹੈ ਕਿ ਆਉਣ ਵਾਲੇ ਸਮੇਂ ਮਿਉਨਿਸਪਲ ਏਜੰਡੇ ਵਿੱਚ ਮਾਲੀ ਮਸਲਿਆਂ ਨੂੰ ਪਹਿਲ ਦੇਣੀ ਪਵੇਗੀ ਕਿਉਂ ਕਿ ਸੂਬਾਈ ਸਰਕਾਰ ਦਾ ਮਾਲੀ ਕਟੌਤੀਆਂ ਦਾ ਕੁਹਾੜਾ ਲਗਾਤਾਰ ਚਲ ਰਿਹਾ ਹੈ। ਅਗਲੇ ਸਾਲ $600,000 ਦੀ ਕਟੌਤੀ ਹੋਣ ਵਾਲੀ ਹੈ ਅਤੇ ਅਗਲਾ ਵਾਰ ਟ੍ਰਾਜ਼ਿਟ ਸਿਸਟਮ ਉਪਰ ਹੋਵੇਗਾ।

House For Sale

For sale by owner this 4 bedroom home in Abbotsford features 2.5 baths, 2 car garage, gas f/p, B/I Security system & Vacuum system and fully finished basement. Big fully fenced back yard perfect for children.



Asking **$175,900** OBO

ਘਰ ਵਿਕਾਊ

PH: 852-9564

ਐਬਟਸਫੋਰਡ ਏਰੀਏ ਵਿੱਚ ਬਹੁਤ ਹੀ ਸੋਹਣਾ ਘਰ, ਓਨਰ ਵਲੋਂ ਸੇਲ ਤੇ ਹੈ। ਇਸ ਘਰ ਵਿੱਚ 4 ਬੈਡਰੂਮ, 2.5 ਬਾਥਰੂਮ, 2 ਗਰਾਜ, ਗੈਸ ਫਾਇਰ ਪਲੇਸ, ਬੀ/ਆਈ ਸਕਿਊਰਿਟੀ ਸਿਸਟਮ, ਵੈਕੱਯੂਮ ਸਿਸਟਮ, ਅਤੇ ਵਧੀਆ ਬਣੀ ਹੋਈ ਬੇਸਮੈਂਟ ਹੈ। ਵੱਡੀ ਫੈਂਸ ਲਗੀ ਹੋਈ ਬੱਚਿਆਂ ਲਈ ਬੈਕਯਾਰਡ।

ਕੀਮਤ ਸਿਰਫ $175,900 ਫੋਨ: 852-9564

Cont'dFrom Page 14

ਛਿਤੱਰ ਵਾਲਾ ਨੀ ਨਾ ਕੋਈ, ਛਿਤੱਰ ਤਾਂ ਨੀ ਖਾਣੇ, ਆਇਆ ਲੈ ਫੇਰ ਛਿਤੱਰ, ਛਿਤੱਰਾਂ ਦੀ ਛਾਂ ਕਰਦੂੰ ਆਦਿ ਕਹਿ ਕੇ ਡਰਾਵੇ ਦਿੰਦਾ ਐ। ਛਿਤੱਰਾਂ ਨਾਲ ਕੰਮ ਲਊਂ ਕਹਿ ਕੇ ਖਾੜਕੂ ਬਣਿਆ ਰਹਿੰਦਾ ਐ। ਛਿਤੱਰਾਂ ਦੀ ਵਰਖਾ ਕਰਦੂੰ ਕਹਿ ਕੇ ਰੱਬ ਦਾ ਸ਼ਰੀਕ ਬਣ ਬਹਿੰਦਾ ਐ। ਗੰਜੇ ਤਾ ਬਿਮਾਰੀ ਨਾਲ ਵਾਲ ਝੜ ਜਾਣ ਕਾਰਨ ਪੈਦਾਂ ਐ ਪਰ ਇਹ ਛਿਤੱਰਾਂ ਨਾਲ ਸਿਰ ਗੰਜਾ ਕਰਕੇ ਈ ਰੱਬ ਨਾਲ ਜਾ ਟੱਕਰ ਲੈਂਦਾ ਐ। ਜੁਆਂ ਖੇਡਨ ਦਾ ਝੱਸ ਵੀ ਮੇਰੇ (ਛਿਤੱਰ) ਉਤੋਂ ਦੀ ਦਾਣਾ (ਜੁਆ ਖੇਡਨ ਵਾਲੀ ਗੋਟੀ) ਬੜ੍ਹਕਾ ਕੇ ਪੂਰਾ ਕਰਦਾ ਐ। ਛਿਤਰਾਂ ਨਾਲ ਝੰਡ ਲਾਹ ਕੇ ਨਾਈ ਅਤੇ ਉਸਤਰੇ ਦਾ ਕੰਮ ਵੀ ਮੈਥੋਂ ਹੀ ਲੈਂਦਾ ਐ। ਛਿਤੱਰਾਂ ਦੀ ਮਾਰੀ ਸੋ ਮਨ ਝੜਦੀ ਐ ਵਰਗੀ ਅਤ ਕਥਨੀ ਕਰਕੇ ਮੈਨੂੰ ਵਿਡਿਆਉਂਦਾ ਰਹਿੰਦਾ ਐ। ਹੋਰ ਸੁਣੋ ਅਖੇ ਉਹਦੇ ਸਿਰ ਵਿਚ ਸੋ ਛਿਤੱਰ ਤੇ ਹੁੱਕੇ ਦਾ ਪਾਣੀ। ਸੋ ਵਾਰੀ ਵਜ ਕੇ ਤਾਂ ਮੈਂ ਸਾਹੋ ਸਾਹ ਹੋ ਜਾਂਦਾ ਹਾਂ। ਕੀ ਇਹ ਗਿਣਤੀ ਸ਼ੈਤਾਨ ਨੇ ਦੱਸੀ ਸੀ ਜਾਂ ਇਲਹਾਮ ਹੋਇਆ ਸੀ। ਅੱਧੀ ਕੁ ਦਰਜਨ ਕੀ ਥੋੜ੍ਹੇ ਸਨ?

ਵੱਡਾ ਦੁਖ ਤਾਂ ਇਹ ਐ ਕਿ ਮੇਰੀ ਵਰਤੋਂ ਸਰਵ ਵਿਆਪਕ ਐ। ਮਾੜੀ ਜਿਹੀ ਗੱਲ ਤੇ ਇਕ ਦੂਜੇ ਨੂੰ ਛਿਤੱਰ ਲਾਹ ਲੈਂਦੇ ਹਨ। ਪੰਜਾਬ ਵਿਚ ਮਾਪਿਆਂ ਦੁਆਰਾ ਬਚਿੱਆ ਨੂੰ ਛਿਤੱਰ ਨਾਲ ਕੁਟਨ ਦੀ ਪ੍ਰੰਪਰਾ ਈ ਚਲੀ ਆਈ ਐ। ਪ੍ਰਵਾਰ, ਸੰਸਥਾਵਾਂ, ਲੀਡਰ, ਸਿਆਸਤਦਾਨ, ਪਾਰਟੀਆਂ, ਬੁੱਧੀ ਜੀਵੀ, ਕਮੇਟੀਆਂ,ਉਮੀਦਵਾਰ ਰੋਇਆ ਕਿ ਹਰ ਵਰਗ ਅਤੇ ਮੁਲਕ ਛਿਤੱਰੋ ਛਿਤੱਰੀ ਹੋਈ ਜਾਂਦੇ ਹਨ। ਕਾਰਗਲ ਦੀ ਅਜੇ ਤਾਜ਼ੀ ਈ ਮਿਸਾਲ ਐ।

ਦੁਹਾਈ ਰਾਮ ਦੀ, ਮੈਂ ਏਨਾ ਓਵਰ-ਵਰਕ ਨੀ ਕਰ ਸਕਦਾ। ਗੋਰੇ ਤਾਂ ਅੱਠ ਘੰਟੇ ਕੰਮ ਕਰਕੇ ਈ ਹੁੱਸ ਜਾਂਦੇ ਹਨ ਤੇ ਕੰਮ ਵੱਲ ਨੱਕ ਨੀ ਕਰਦੇ। ਕਿਸੇ ਨਾ ਕਿਸੇ ਲੌਂਗ ਵੀਕ ਐਂਡ ਦਾ ਮੂੰਗਲਾ ਵੀ ਕਛ ਚੋਂ ਕਢੀ ਈ ਰਖਦੇ ਐ। ਇਹ ਤਾਂ ਪ੍ਰਵਾਸੀ ਈ ਹਨ ਜਿਹੜੇ ਕੰਮ ਨੂੰ ਵਾਹਣੀ ਪਾਈ ਫਿਰਦੇ ਐ। ਦਿਨੇ ਰਾਤ ਚੱਲ ਸੋ ਚੱਲ, ਅਖੇ ਚਮੜੀ ਜਾਵੇ ਪਰ ਦਮੜੀ ਨਾ ਜਾਵੇ।

ਮੇਰਾ ਤਾਂ ਪੋਟਾ ਪੋਟਾ ਦੁੱਖ ਰਿਹਾ ਐ। ਮੈਂ ਟੱਸ ਟੱਸ ਕਰ ਰਿਹਾ ਹਾਂ। ਹੁਣ ਤੁਸੀਂ ਦੇਖ ਈ ਲਿਆ ਐ ਬਈ ਇਹ ਇਨਸਾਨੀ ਪੁਤਲਾ ਕਿੰਨੇ ਨੱਕੀਂ ਪਾਣੀ ਛੱਡਦਾ ਐ। ਸਖ਼ਤੇ ਸਤੀਂ ਵੀਹੀਂ ਸੋ ਤਾਂ ਗਿਣਦੇ ਈ ਆਏ ਹਨ, ਪਰ ਇਹ ਤਾਂ ਨੌਂ ਵੀਹੀਂ ਸੋ ਗਿਣ ਰਿਹਾ ਐ। ਇਨਸਾਫ ਤਾਂ ਤੁਸੀਂ ਕਰਨਾ ਐ ਪਰ ਤਾਇਆ ਮੇਰੀ ਵਲੋਂ ਬੁਲਾਰਾ ਐ ਤੇ ਮੇਰਾ ਗਵਾਹ ਵੀ। ਕੋਈ ਸ਼ੰਕਾ ਰਹਿ ਗਈ ਹੋਵੇ ਤਾਂ 854-4228 ਨੰਬਰ ਘੁਮਾ ਕੇਦੂਰ ਕਰ ਲੈਣੀ। ਤਾਏ ਨੂੰ ਖੁਸ਼ੀ ਹੋਵੇਗੀ।

FARMGATE PRODUCE

2nd WEEK OPENING SPECIALS

OCT 20th - 26th

Brocolli 59¢/lb	Jonagold Apple 39¢/lb
Green Onion 2bunches for 99¢/lb	Gala Apple 79¢/lb
Tomatoes 58¢/lb	Bananas 49¢/lb
Large Halloween Pumpkin $3.50 each	



Farmgate Produce

See you at our New Store downtown!!

33816 South Fraser Way
Abbotsford

One FREE PUMPKIN of your choice with a $25 Purchase While Quantities Last

Human Resources Development Canada | Développement des ressources humaines Canada

E.I. Report Card Changes

With the development and introduction of new technologies Human Resources Development Canada is able to provide more efficient service to our Employment Insurance clients by the use of Direct Deposit and Teledec.

DIRECT DEPOSIT of E.I. benefits directly into a client's bank account results in timely receipt of benefits and eliminates the problems of lost, stolen and mis-directed cheques.

TELEDEC allows clients to complete their E.I. report card information by telephone from any touch tone phone 24 hours a day. This service eliminates the problem of report cards rejecting due to incomplete or incorrect information being submitted and the need for clients to report to the HRCC office to mail their report cards on Friday afternoons.

Given the proven effectiveness of these new technologies the Report Card box at HRCC Abbotsford will be closed effective November 1st, 1999. Clients who wish to continue sending hard copy report cards after this date will need to use Canada Post or alternate private postal services.

The Teledec telephone number is: 1-800-531-7555

Canada

ਹਿਊਮਨ ਰਿਸੋਰਸਿਜ਼ ਡੀਵੈਲਪਮੈਂਟ ਕੈਨੇਡਾ
ਈ. ਆਈ. ਰਿਪੋਰਟ ਕਾਰਡ ਵਿੱਚ ਤਬਦੀਲੀ

ਈ. ਆਈ. ਰਿਪੋਰਟ ਕਾਰਡ ਵਿੱਚ ਤਬਦੀਲੀ ਨਵੀਂ ਟਕਨਾਲੋਜੀ ਦੇ ਵਿਕਾਸ ਤੇ ਵਰਤੋਂ ਨਾਲ ਹਿਊਮਨ ਰਿਸੋਰਸਿਜ਼ ਡੀਵੈਲਪਮੈਂਟ ਕੈਨੇਡਾ ਡਾਇਰੈਕਟ ਡਿਪਾਜ਼ਿਟ ਅਤੇ ਟੈਲੀਡੈਕ ਦੇ ਪ੍ਰਯੋਗ ਨਾਲ ਆਪਣੇ ਐਂਪਲਾਇਮੈਂਟ ਇਨਸ਼ੋਰੈਂਸ ਸਾਇਲਾਂ ਦੀ ਚੰਗੇਰੀ ਸੇਵਾ ਕਰ ਸਕਦਾ ਹੈ।

ਈ. ਆਈ. ਦੇ ਬੈਨੀਫਿਟਸ ਨੂੰ ਸਾਇਲਾਂ ਦੇ ਬੈਂਕ ਖਾਤਿਆਂ ਵਿੱਚ ਸਿੱਧੇ ਜਮ੍ਹਾਂ ਕਰਵਾਉਣ ਦੇ ਫਲਸਰੂਪ ਪੈਸੇ ਵੇਲੇ ਸਿਰ ਮਿਲ ਜਾਂਦੇ ਹਨ ਅਤੇ ਚੈਕਾਂ ਦੇ ਗੁੰਮ ਹੋਣ, ਚੋਰੀ ਹੋ ਜਾਣ ਜਾਂ ਐਂਟਲ ਜਾਣ ਦੀ ਸਮੱਸਿਆ ਖਤਮ ਹੋ ਜਾਂਦੀ ਹੈ।

ਟੈਲੀਡੈਕ ਰਾਹੀਂ ਸਾਇਲ ਆਪਣੇ ਕਾਰਡ ਦਿਨ ਦੇ ਕਿਸੇ ਵੇਲੇ (24 ਘੰਟੇ) ਟੱਚ ਟੋਨ ਟੈਲੀਫੋਨ ਤੋਂ ਮੁਕੰਮਲ ਕਰ ਸਕਦਾ ਹੈ। ਇਸ ਸੇਵਾ ਨਾਲ ਅਧੂਰੀ ਜਾਂ ਗਲਤ ਸੂਚਨਾ ਕਾਰਨ ਕਾਰਡ ਦੇ ਰੱਦ ਹੋਣ ਦੀ ਸਮੱਸਿਆ ਨਹੀਂ ਰਹਿੰਦੀ ਅਤੇ ਸਾਇਲਾਂ ਨੂੰ ਸ਼ੁੱਕਰਵਾਰ ਬਾਅਦ ਦੁਪਿਹਰ ਐਚ. ਆਰ. ਆਰ. ਸੀ. ਦੇ ਦਫਤਰ ਜਾ ਕੇ ਕਾਰਡ ਪਾਉਣ ਦੀ ਲੋੜ ਨਹੀਂ ਹੋਵੇਗੀ। ਕਿਉਂ ਕਿ ਨਵੀਂ ਤਕਨੀਕ ਦੀ ਪ੍ਰਭਾਵਕਤਾ ਸਿੱਧ ਹੋ ਚੁੱਕੀ ਹੈ, ਇਸ ਕਰਕੇ ਨੰਵੰਬਰ 1,1999 ਤੋਂ ਐਚ. ਆਰ. ਆਰ. ਸੀ. ਦੇ ਐਬਟਸਫੋਰਡ ਦਫ਼ਤਰ ਦਾ ਰਿਪੋਰਟ ਕਾਰਡ ਬਾਕਸ ਬੰਦ ਕਰ ਦਿਤਾ ਜਾਵੇਗਾ। ਜਿਹੜੇ ਸਾਇਲ ਇਸ ਤਾਰੀਖ ਤੋਂ ਬਾਅਦ ਪੱਕਾ ਕਾਰਡ ਹੀ ਭੇਜਣਾ ਚਾਹੁਣ, ਉਨ੍ਹਾਂ ਨੂੰ ਕੈਨੇਡਾ ਪੋਸਟ ਸਰਵਿੰਸ ਰਾਹੀਂ ਆਪਣਾ ਕਾਰਡ ਭੇਜਣਾ ਪਵੇਗਾ।

ਟੈਲੀਡੈਕ ਦਾ ਫੋਨ ਨੰਬਰ ਹੈ : 1-800-531-7555

DESI NEWS

Tournament becomes bone of contention
FATEHGARH SAHIB — The traditional Dasehra tournament at Chanarthan Kalan village has become a bone of contention between the two warring factions of the Akali Dal.

ADGP for action against cops
AMRITSAR — The Punjab ADGP, Mr A.P. Bhatnagar, posted with the Punjab State Human Rights Commission has sought action against those state police officers who were responsible for registering false criminal cases against seven former militants of the district in July last year.

Mann condemns 'Hindu' parties
LUDHIANA— Mr Simranjit Singh Mann, MP from Sangrur, addressing a press conference, expressed support for Christians and said Hindu fundamentalist parties — VHP, BJP, Bajrang Dal, Bharatiya Janata Party, Shiv Sena and RSS — were a threat to secularism.

Induct Sikh into Cabinet: PPCC
JALANDHAR — The latest move of Mr Parkash Singh Badal, Chief Minister, Punjab to obstruct the induction of Mr Sukhdev Singh Dhindsa, MP into the Vajpayee Cabinet smacks of inner-party jealousy and a narrow approach according to Mr Sukhpal Singh Khaira, secretary, Punjab Pradesh, Congress Committee.

Farmers threaten to burn paddy
MOGA — Farmers of Moga district threatened to burn their paddy crop in case the government did not make immediate and proper arrangements for its procurement.

34 fresh dengue cases reported
LUDHIANA — As many as 34 fresh cases of dengue, confirmed as well as suspected, have been reported from the various city hospitals taking the tally to 540.

Manhunt for rifle snatchers
JALANDHAR — The police has launched a manhunt to catch two youths who snatched a self-loading rifle along with 10 bullets from a Punjab police constable.

PRTC staff plea on demands
PATIALA — The PRTC Workers Union has demanded immediate acceptance of its long-pending demands and called upon all unions to jointly fight for their rights.

PCMS doctors' strike
LUDHIANA — The PCMS doctors, paramedical staff and ministerial staff of Ludhiana district went on strike on Oct 18 in protest against the victimisation of four senior medical officers and a pharmacist in the district by the police crime branch.

Employees' dharna on Oct 28
PATIALA — The Punjab and UT Employees Joint Action Committee will stage a dharna in Chandigarh on October 28 in protest against the sales tax hike on petrol, diesel and rising prices of essential commodities.

Badal warns road transport authorities
CHANDIGARH — In continuation of the endeavour to radically tone up tax compliance regime, Mr Parkash Singh Badal, Chief Minister, issued instructions to the Secretary Transport, and the state transport Commissioner to ensure 100 per cent realisation of road tax and special road tax from private bus operators, who are running buses on stage carriage permits.

Karnataka ministry sworn in
BANGALORE — A 42-member Congress Ministry, comprising 24 members of Cabinet rank and 18 Ministers of State, was sworn in in Karnataka today, a week after the S.M. Krishna assumed chief ministership of the state following the party's resounding victory in the Assembly polls.

Cyclone threat: 2000 evacuated
BHUBNESHWAR — The coastal districts of Orissa have been experiencing heavy rainfall following a severe cyclonic storm over west Central Bay of Bengal.

Chautala favours mid-term poll
Asks workers to remain in field
HISAR — Chief Minister Om Prakash Chautala is understood to have favoured mid-term assembly elections along with five other states in February next. Mr Chautala is reported to have asked BJP and INLD workers "to remain in the field and not return to the barracks as elections can be announced at a short notice of 15 days".

Cultural centre stone laid
CHANDIGARH — Former Prime Minster Inder Kumar Gujral laid the foundation stone of a cultural centre-cum-auditorium of the Punjab Arts Council in the Punjab Kala complex, Sector 16.

Update on respiratory diseases
CHANDIGARH — The Department of Pulmonary Medicine of the Post Graduate Institute of Medical Education and Research held its 14th annual update on pulmonary and critical care medicine at the PGI.

Turban tying contest held
CHANDIGARH — An inter-school turban tying competition to commemorate the tercentenary of the Khalsa was organised at Guru Nanak Khalsa Senior Secondary School, Sector 30.

Bhujbal named Deputy CM

MUMBAI - Nationalis Congress Party Maharashtra unit president Chhagan Bhujbal will be sworn in as Deputy Chief Minister of the state following his election as leader of the NCP state legislature party.

"Special Diwali Issue on Nov 4"
For Advertising call 852-2288

Good study habits easy on eyes

Vision problems can be lessened with proper homework area

Is your child's vision ready for the additional demands of schoolwork?
Back-to-school time is a good time to find out by having an optometrist provide a thorough eye examination.
It is also a good time to build a study centre for your child, a specially arranged place where homework, reading or writing can be done comfortably and without visual distress.
A dedicated study area can help students concentrate better by keeping away distractions and also help alleviate possible vision and posture problems.
It is suggested that a study centre include:

- a table or desk with adjustable height and an inclined surface (20 degrees), large enough to hold books, papers, lamps, etc;
- an adjustable chair with good back support; and
- a lamp above the table or two on either side, three times brighter than the room's overall lighting, to provide good illumination for crisp high contrast.

Try to position the table so that the child can look up from desk work and change focus by looking into an open space.
If the child is using a computer, make sure there are no flaring light sources within the child's field of vision and no reflections on the video screen.

Encourage the child to:

- Sit straight and place study material at the right distance (approximately half an arm's length away);
- Hold the pen or pencil correctly (holding them too close to the tip will cause the child to twist or lean to look around, stretching, while looking into the distance.

Good visual habits are developed early. Reading, writing, spelling, computer work, seeing the chalk board and viewing audio-visual material are all tasks that require the ability to quickly see and understand visual information.

Children, particularly young ones, who are experiencing vision problems may not complain, thinking everyone sees the same way as they do.

They're also quick at compensating in other ways, potentially developing poor visual habits. Watch out for signs of visual distress in your child:

- squinting, rubbing of eyes, itchiness or redness;
- restlessness, short attention span, avoidance of near-focus tasks;
- lowering head too close to the book or desk when reading or writing;
- turning or tilting of head to use only one eye;
- skipping, repeating or miscalling words;
- difficulty remembering what is read; and
- Complaints of headaches, dizziness, nausea, blurry vision, double vision, eye irritation.

An optometric eye examination will determine the visual needs of the child and prescribe the necessary corrective action.

GOOD NEWS FOR CROP GROWERS OF FRASER VALLEY
OBTAIN PESTICIDES APPLICATOR CERTIFICATE EASILY
THROUGH CLASSROOM TEACHING

CATEGORY OF CERTIFICATION
• Berries • Greenhouse Vegetables • Structural IPM • Field Crops
OBJECTIVES:
• Learning Safe & Effective Use of Pesticides
• Calibration & Care of Plant Protection Equipment
• Obtaining Legal Status for Using Pesticides
WE PROVIDE:
• Highly Qualified Staff
• Teaching in English & Punjabi
• Choice of Day or Evening Classes
• Study Material & Teaching Aids
COURSE BOOKING & INFORMATION
Andy Sidhu
Sidhu Consulting Services
1481 Tracey St., Abbotsford, B.C. • V2T 6G4
Ph: (604) 852-2288 Fax: (604) 852-1878



ਪੰਜਾਬੀ ਕਿਸਾਨਾਂ ਲਈ ਖੁਸ਼ਖਬਰੀ
ਫਸਲ ਸੁਰੱਖਿਆ ਲਈ ਦਵਾਈਆਂ ਦਾ ਤਕਨੀਕੀ ਕੋਰਸ
(Pesticide Applicator Certificate)
ਹੁਣ ਐਬਰਸਫੋਰਡ ਵਿਖੇ ਸ਼ੁਰੂ ਹੈ
